ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 163 ਨਵੀਂ ਦਿੱਲੀ, ਐਤਵਾਰ 14 ਜੂਨ, 2026, Sunday 14 June, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਕੇਰਲਾ ਦੇ ਮੁੱਖ ਮੰਤਰੀ ਸਤੀਸ਼ਨ ਨੂੰ ਮਾਰਨ ਦੀਆਂ ਧਮਕੀਆਂ ਦੇਣ ਵਾਲਾ ਗ੍ਰਿਫ਼ਤਾਰ

ਤਿਰੂਨੰਤਪੁਰਮ (ਕੇਰਲਮ), 13 ਜੂਨ (ਪ੍ਰਤੀਨਿਧੀ) : ਛਾਉਣੀ ਪੁਲਿਸ ਨੇ ਅਟਿੰਗਲ ਦੇ ਵੈਲੱਕੜ ਦੇ ਰਹਿਣ ਵਾਲੇ ਸੋਨੀ ਥਾਮਸ ਵਜੋਂ ਜਾਣੇ ਜਾਂਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਉੱਪਰ ਮੁੱਖ ਮੰਤਰੀ ਵੀ.ਡੀ. ਸਤੀਸਨ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਫ਼ੋਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਦੋਸ਼ ਹੈ।ਦੋਸ਼ੀ ਨੇ ਤਿਰੂਵਨੰਤਪੁਰਮ ਸਿਟੀ ਡਿਸਟ੍ਰਿਕਟ ਪੁਲਿਸ ਕਮਾਂਡ ਸੈਂਟਰ ਦੇ ਅਧਿਕਾਰਤ ਕਾਲਰ ਆਈਡੀ ਨੰਬਰ 'ਤੇ ਵਾਰ-ਵਾਰ ਫ਼ੋਨ ਕੀਤਾ ਜਾਨੋਂ ਮਾਰਨ ਦੀ ਧਮਕੀ ਦਿੱਤੀ।

## ਪੁਣਛ ਜ਼ਿਲ੍ਹੇ ਵਿੱਚ ਢਿੱਗਾਂ ਡਿੱਗਣ ਕਾਰਨ ਹਾਈਵੇਅ ਜਾਮ

ਸ੍ਰੀਨਗਰ, 13 ਜੂਨ (ਪ੍ਰਤੀਨਿਧੀ) : ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿੱਚ ਸ਼ਨਿਚਰਵਾਰ ਨੂੰ ਖ਼ਰਾਬ ਮੌਸਮ ਕਾਰਨ ਲਸਾਨਾ ਨੇੜੇ ਢਿੱਗਾਂ ਡਿੱਗ ਗਈਆਂ ਜਿਸ ਕਾਰਨ ਰਾਸ਼ਟਰੀ ਰਾਜਮਾਰਗ-144 ਪੂਰੀ ਤਰ੍ਹਾਂ ਬੰਦ ਹੋ ਗਿਆ, ਜਿਸ ਕਾਰਨ 200 ਤੋਂ ਵੱਧ ਛੋਟੇ-ਵੱਡੇ ਵਾਹਨ ਕਈ ਘੰਟਿਆਂ ਤੱਕ ਉੱਥੇ ਹੀ ਫਸੇ ਰਹੇ। ਘਟਨਾ ਦੀ ਸੂਚਨਾ ਮਿਲਦਿਆਂ ਹੀ ਬੀ.ਆਰ.ਓ. (ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ) ਦੀਆਂ ਟੀਮਾਂ ਪ੍ਰਸ਼ਾਸਨ ਸਮੇਤ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਸੜਕ ਸਾਫ਼ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ।

# ਦੇਸ਼ ਦੇ ਕਈ ਹਿੱਸਿਆਂ 'ਚ ਭਾਰੀ ਮੀਂਹ ਦੀ ਚੇਤਾਵਨੀ

## ਰਾਜਸਥਾਨ, ਮਹਾਰਾਸ਼ਟਰ ਤੇ ਗੁਜਰਾਤ 'ਚ ਗਰਮੀ ਦਾ ਕਹਿਰ

ਨਵੀਂ ਦਿੱਲੀ, 13 ਜੂਨ (ਪ੍ਰਤੀਨਿਧੀ) : ਐਨਸੀਆਰ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਲਗਾਤਾਰ ਮੀਂਹ ਪੈ ਰਿਹਾ ਹੈ, ਜਿਸ ਨਾਲ ਇਹ ਪ੍ਰਭਾਵ ਪੈ ਰਿਹਾ ਹੈ ਕਿ ਮਾਨਸੂਨ ਦੇਸ਼ ਭਰ ਵਿੱਚ ਆ ਗਿਆ ਹੈ। ਹਾਲਾਂਕਿ, ਰਾਜਸਥਾਨ, ਮਹਾਰਾਸ਼ਟਰ ਅਤੇ ਗੁਜਰਾਤ ਦੇ ਨੇੜੇ ਦੇ ਖੇਤਰ ਤੇਜ਼ ਗਰਮੀ ਦਾ ਸਾਹਮਣਾ ਕਰ ਰਹੇ ਹਨ। ਮੌਸਮ ਵਿਭਾਗ ਨੇ ਇਨ੍ਹਾਂ ਖੇਤਰਾਂ ਲਈ ਹੀਟਵੇਵ ਅਲਰਟ ਜਾਰੀ ਕੀਤੇ ਹਨ। ਇਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਮਾਨਸੂਨ ਨੂੰ ਦਿੱਲੀ ਪਹੁੰਚਣ ਵਿੱਚ ਲਗਭਗ ਦੋ ਹਫ਼ਤੇ ਹੋਰ ਲੱਗਣਗੇ। ਦਿੱਲੀ ਅਤੇ ਉੱਤਰੀ ਭਾਰਤ ਦੇ ਹੋਰ ਹਿੱਸਿਆਂ ਵਿੱਚ ਮੌਜੂਦਾ ਬਾਰਿਸ਼ ਪੱਛਮੀ ਗੜਬੜੀ ਕਾਰਨ ਹੈ; ਅਗਲੇ ਦੋ ਤੋਂ ਤਿੰਨ ਦਿਨਾਂ ਤੱਕ ਇਸੇ ਤਰ੍ਹਾਂ ਦੀਆਂ ਸਥਿਤੀਆਂ ਰਹਿਣ ਦੀ ਉਮੀਦ ਹੈ।ਆਈਐਮਡੀ ਦੇ ਅਨੁਸਾਰ, ਮਾਨਸੂਨ ਦੀ ਉੱਤਰੀ ਸੀਮਾ ਇਸ ਸਮੇਂ ਮਹਾਰਾਸ਼ਟਰ, ਤੇਲੰਗਾਨਾ, ਓਡੀਸ਼ਾ, ਬਿਹਾਰ ਅਤੇ ਝਾਰਖੰਡ ਦੇ ਨੇੜੇ ਹੈ। ਆਉਣ ਵਾਲੇ ਦੋ ਤੋਂ ਤਿੰਨ ਦਿਨਾਂ ਵਿੱਚ ਇਨ੍ਹਾਂ ਰਾਜਾਂ ਵਿੱਚ ਮਾਨਸੂਨ ਫੈਲਣ ਦੀ ਸੰਭਾਵਨਾ ਹੈ। ਇਸ ਦੌਰਾਨ,



ਮਰਾਠਵਾੜਾ, ਤੇਲੰਗਾਨਾ, ਵਿਦਰਭ ਅਤੇ ਪੱਛਮੀ ਰਾਜਸਥਾਨ ਲਈ ਹੀਟਵੇਵ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ।ਦੱਖਣੀ-ਪੱਛਮੀ ਮਾਨਸੂਨ ਪੱਛਮੀ ਬੰਗਾਲ ਅਤੇ ਬਿਹਾਰ ਦੇ ਕੁਝ ਹਿੱਸਿਆਂ ਵਿੱਚ ਅੱਗੇ ਵਧਿਆ ਹੈ, ਜੋ ਕਿ ਓਡੀਸ਼ਾ ਅਤੇ ਝਾਰਖੰਡ ਦੇ ਕੁਝ ਹਿੱਸਿਆਂ ਨੂੰ ਵੀ ਕਵਰ ਕਰਦਾ ਹੈ। ਪੱਛਮੀ ਗੜਬੜੀ ਦੇ ਪ੍ਰਭਾਵ ਹੇਠ, ਉੱਤਰ-ਪੱਛਮੀ ਭਾਰਤ ਵਿੱਚ ਤੇਜ਼ ਹਵਾਵਾਂ ਅਤੇ ਗੜੇਮਾਰੀ ਦੇ ਨਾਲ ਬਾਰਿਸ਼ ਜਾਰੀ ਰਹਿਣ ਦੀ ਸੰਭਾਵਨਾ ਹੈ; ਇਹ ਹਾਲਾਤ 14 ਜੂਨ ਤੱਕ ਜਾਰੀ ਰਹਿਣ ਦੀ ਉਮੀਦ ਹੈ। ਪਿਛਲੇ 24 ਘੰਟਿਆਂ ਦੌਰਾਨ ਕੇਰਲ, ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਭਾਰੀ ਬਾਰਿਸ਼ ਦਰਜ ਕੀਤੀ ਗਈ।ਪੱਛਮੀ ਰਾਜਸਥਾਨ ਵਿੱਚ ਧੂੜ ਭਰੇ ਤੂਫਾਨ ਆ ਸਕਦੇ ਹਨ, ਅਤੇ ਗਰਮੀ ਦੀ ਲਹਿਰ ਦੇ ਹਾਲਾਤ ਬਣੇ ਰਹਿਣ ਦੀ ਸੰਭਾਵਨਾ ਹੈ। ਦੱਖਣ-ਪੱਛਮੀ ਰਾਜਸਥਾਨ ਦੇ ਨਾਲ-ਨਾਲ ਮਹਾਰਾਸ਼ਟਰ ਅਤੇ ਤੇਲੰਗਾਨਾ ਵਿੱਚ ਵੀ ਗਰਮੀ ਦੀ ਲਹਿਰ ਦੇ ਹਾਲਾਤ ਹੋ ਸਕਦੇ ਹਨ।

# ਅਸਾਮ ਵਿੱਚ ਹਵਾਈ ਸੈਨਾ ਦਾ ਜਹਾਜ਼ ਹਾਦਸਾਗ੍ਰਸਤ, ਦੋ ਅਗਨੀਵੀਰਾਂ ਸਮੇਤ 5 ਜਵਾਨ ਸ਼ਹੀਦ; ਸਹਿ-ਪਾਇਲਟ ਸੁਰੱਖਿਅਤ

ਗੁਹਾਟੀ, 13 ਜੂਨ (ਪ੍ਰਤੀਨਿਧੀ) : ਅਸਾਮ ਦੇ ਜੋਰਹਾਟ ਵਿੱਚ ਭਾਰਤੀ ਹਵਾਈ ਫੌਜ ਦਾ ਇੱਕ ਏ.ਐਨ.-32 ਮਾਲਵਾਹਕ ਜਹਾਜ਼ ਲੈਂਡਿੰਗ ਦੌਰਾਨ ਇੱਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਿਆ। ਵਾਯੂ ਸੈਨਾ ਦੇ ਅਧਿਕਾਰੀਆਂ ਵੱਲੋਂ ਮਿਲੀ ਜਾਣਕਾਰੀ ਅਨੁਸਾਰ, ਜਹਾਜ਼ ਦੇ ਲੈਂਡ ਕਰਦੇ ਹੀ ਇਸ ਨੂੰ ਭਿਆਨਕ ਅੱਗ ਲੱਗ ਗਈ ਅਤੇ ਇਹ ਦੋ ਹਿੱਸਿਆਂ ਵਿੱਚ ਬੁਰੀ ਤਰ੍ਹਾਂ ਟੁੱਟ ਗਿਆ।

ਇਸ ਦਰਦਨਾਕ ਹਾਦਸੇ ਵਿੱਚ ਦੋ ਅਗਨੀਵੀਰਾਂ ਸਮੇਤ ਹਵਾਈ ਫੌਜ ਦੇ ਪੰਜ ਜਵਾਨ ਸ਼ਹੀਦ ਹੋ ਗਏ, ਜਦੋਂਕਿ ਜਹਾਜ਼ ਦਾ ਸਹਿ-ਪਾਇਲਟ ਕਿਸੇ ਤਰ੍ਹਾਂ ਆਪਣੀ ਜਾਨ ਬਚਾਉਣ ਵਿੱਚ ਕਾਮਯਾਬ ਰਿਹਾ।ਇਸ ਮੰਦਭਾਗੀ ਘਟਨਾ ਵਿੱਚ ਸ਼ਹੀਦ ਹੋਣ ਵਾਲੇ ਹਵਾਈ ਫੌਜ ਦੇ ਜਾਂਬਾਜ਼ਾਂ ਵਿੱਚ ਸਕੁਐਡਰਨ ਲੀਡਰ ਪ੍ਰਸ਼ਾਂਤ ਸਿੰਘ, ਫਲਾਈਟ ਲੈਫਟੀਨੈਂਟ ਸ਼ੁਭਮ ਕੁਮਾਰ, ਸਰਜੰਟ ਜਿਤੇਂਦਰ ਸ਼ਰਮਾ,



ਅਗਨੀਵੀਰ ਵਾਯੂ ਖੇਮਾਰਾਮ ਕੁਮਾਵਤ ਅਤੇ ਅਗਨੀਵੀਰ ਵਾਯੂ ਦਾਨਿਸ਼ ਆਲਮ ਸ਼ਾਮਲ ਹਨ।

ਹਵਾਈ ਸੈਨਾ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੋਰਟ ਆਫ ਇਨਕੁਆਇਰੀ ਦੇ ਹੁਕਮ ਦਿੱਤੇ ਹਨ। ਜਹਾਜ਼ ਨੇ ਛੇ ਵਿਅਕਤੀਆਂ, ਜਿਨ੍ਹਾਂ ਵਿੱਚ ਪਾਇਲਟ ਵੀ ਸ਼ਾਮਲ ਸਨ, ਦੇ ਨਾਲ ਜੋਰਹਾਟ ਸਥਿਤ ਹਵਾਈ ਸੈਨਾ ਦੇ ਬੇਸ ਤੋਂ ਉਡਾਣ ਭਰੀ ਸੀ। ਸੂਤਰਾਂ ਅਨੁਸਾਰ ਪਾਇਲਟ ਨੇ ਉਡਾਣ ਭਰਨ ਤੋਂ ਤੁਰੰਤ ਬਾਅਦ ਤਕਨੀਕੀ ਖਰਾਬੀ ਦੀ ਰਿਪੋਰਟ ਕੀਤੀ ਅਤੇ ਏਅਰਬੇਸ 'ਤੇ ਵਾਪਸ ਆਉਣ ਦਾ ਫੈਸਲਾ ਕੀਤਾ।ਹਾਲਾਂਕਿ, ਲੈਂਡ ਕਰਨ ਦੀ ਕੋਸ਼ਿਸ਼ ਦੌਰਾਨ, ਜਹਾਜ਼ ਰਨਵੇ ਤੋਂ ਫਿਸਲ ਗਿਆ ਅਤੇ ਹਾਦਸਾਗ੍ਰਸਤ ਹੋ ਗਿਆ। ਕਰੈਸ਼-ਲੈਂਡਿੰਗ ਤੋਂ ਬਾਅਦ ਅੱਗ ਲੱਗ ਗਈ, ਜਿਸ ਦੇ ਨਤੀਜੇ ਵਜੋਂ ਪੰਜ ਜਵਾਨਾਂ ਦੀ ਮੌਤ ਹੋ ਗਈ। ਹਵਾਈ ਸੈਨਾ ਨੇ ਪਹਿਲਾਂ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ ਸੀ, 'ਅੱਜ ਜੋਰਹਾਟ ਵਿਖੇ ਲੈਂਡਿੰਗ ਕਰਦੇ ਸਮੇਂ ਭਾਰਤੀ ਹਵਾਈ ਸੈਨਾ ਦਾ ਇੱਕ ਏਐਨ-32 ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੋਰਟ ਆਫ ਇਨਕੁਆਇਰੀ ਗਠਿਤ ਕੀਤੀ ਜਾ ਰਹੀ ਹੈ'।ਇਹ ਘਟਨਾ ਜੋਰਹਾਟ ਜ਼ਿਲ੍ਹੇ ਵਿੱਚ ਹਵਾਈ ਸੈਨਾ ਦੇ ਰੋਰੀਆਹ ਏਅਰਬੇਸ 'ਤੇ ਵਾਪਰੀ। ਹਾਦਸੇ ਤੋਂ ਤੁਰੰਤ ਬਾਅਦ ਹਵਾਈ ਸੈਨਾ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਸਨ।ਐਂਟੋਨੋਵ ਏਐਨ-32 ਸੋਵੀਅਤ ਮੂਲ ਦਾ ਇੱਕ ਦੋ-ਇੰਜਣ ਵਾਲਾ ਟਰਬੋਪ੍ਰੌਪ ਟਰਾਂਸਪੋਰਟ ਜਹਾਜ਼ ਹੈ ਅਤੇ ਇਹ ਹਵਾਈ ਸੈਨਾ ਦੇ ਟਰਾਂਸਪੋਰਟ ਬੇੜੇ ਦਾ ਇੱਕ ਮੁੱਖ ਹਿੱਸਾ ਹੈ। ਇਹ ਵਿਆਪਕ ਤੌਰ 'ਤੇ ਰਣਨੀਤਕ ਏਅਰਲਿਫਟ, ਫੌਜਾਂ ਦੀ ਆਵਾਜਾਈ, ਕਾਰਗੋ ਡਿਲਿਵਰੀ ਅਤੇ ਲੌਜਿਸਟਿਕਸ ਸਹਾਇਤਾ ਲਈ ਵਰਤਿਆ ਜਾਂਦਾ ਹੈ, ਖਾਸ ਤੌਰ 'ਤੇ ਦੂਰ-ਦੁਰਾਡੇ ਅਤੇ ਉੱਚ-ਉਚਾਈ ਵਾਲੇ ਖੇਤਰਾਂ ਵਿੱਚ।

## ਭਾਰਤ ਆ ਰਹੇ ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਧਮਕੀ !

ਫ੍ਰੈਂਕਫਰਟ, 13 ਜੂਨ (ਪ੍ਰਤੀਨਿਧੀ) : ਯੂਰਪੀ ਦੇਸ਼ ਜਰਮਨੀ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਫ੍ਰੈਂਕਫਰਟ ਏਅਰਪੋਰਟ ਤੋਂ ਭਾਰਤ ਦੇ ਹੈਦਰਾਬਾਦ ਆ ਰਹੀ ਲੁਫਥਾਂਸਾ ਏਅਰਲਾਈਨ ਦੀ ਇਕ ਫਲਾਈਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਮਗਰੋਂ ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਸਵਾਰ ਯਾਤਰੀਆਂ 'ਚ ਖ਼ੌਫ਼ ਛਾ ਗਿਆ। ਹਾਲਾਂਕਿ ਧਮਕੀ ਮਗਰੋਂ ਏਅਰਪੋਰਟ ਅਧਿਕਾਰੀ ਜਹਾਜ਼ ਦੇ ਕ੍ਰੂ ਮੈਂਬਰਾਂ ਨਾਲ ਸੰਪਰਕ 'ਚ ਹਨ ਤੇ ਇਸ ਮਾਮਲੇ ਦੀ ਲਗਾਤਾਰ ਜਾਂਚ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਯਾਤਰੀਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

# ਪ੍ਰਧਾਨ ਮੰਤਰੀ ਮੋਦੀ ਫਰਾਂਸ, ਸਲੋਵਾਕੀਆ ਅਤੇ ਜੀ-7 ਸੰਮੇਲਨ ਲਈ ਰਵਾਨਾ

## ਭਾਰਤ ਗਲੋਬਲ ਸਾਊਥ ਦੀਆਂ ਇੱਛਾਵਾਂ ਨੂੰ ਆਵਾਜ਼ ਦੇਵੇਗਾ:ਮੋਦੀ

ਨਵੀਂ ਦਿੱਲੀ, 13 ਜੂਨ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨਿਚਰਵਾਰ ਨੂੰ ਫਰਾਂਸ ਅਤੇ ਸਲੋਵਾਕੀਆ ਦੇ ਛੇ ਦਿਨਾਂ ਦੌਰੇ 'ਤੇ ਰਵਾਨਾ ਹੋ ਗਏ, ਜਿਸ ਦੌਰਾਨ ਉਹ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਗੱਲਬਾਤ ਕਰਨਗੇ। ਸਲੋਵਾਕੀਆ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕਿਸੇ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਉੱਥੇ ਦੌਰਾ ਕਰਨਗੇ ਅਤੇ ਫਰਾਂਸ ਵਿੱਚ ਜੀ-7 ਸੰਮੇਲਨ ਵਿੱਚ ਹਿੱਸਾ ਲੈਣਗੇ, ਜਿੱਥੇ ਉਨ੍ਹਾਂ ਕਿਹਾ ਕਿ ਭਾਰਤ ਗਲੋਬਲ ਸਾਊਥ ਦੀਆਂ ਇੱਛਾਵਾਂ ਨੂੰ ਪ੍ਰਗਟ ਕਰੇਗਾ।ਆਪਣੇ ਰਵਾਨਗੀ ਬਿਆਨ ਵਿੱਚ ਮੋਦੀ ਨੇ ਕਿਹਾ ਕਿ ਫਰਾਂਸ ਭਾਰਤ ਦੇ ਰਣਨੀਤਕ ਦ੍ਰਿਸ਼ਟੀਕੋਣ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ ਅਤੇ ਨੋਟ ਕੀਤਾ ਕਿ ਇਸ ਸਾਲ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਮੈਕਰੋਂ ਦੀ ਭਾਰਤ ਫੇਰੀ



ਦੌਰਾਨ ਦੁਵੱਲੇ ਸਬੰਧਾਂ ਨੂੰ ਇੱਕ ਵਿਸ਼ੇਸ਼ ਗਲੋਬਲ ਰਣਨੀਤਕ ਭਾਈਵਾਲੀ ਤੱਕ ਉੱਚਾ ਚੁੱਕਿਆ ਗਿਆ ਸੀ।ਪ੍ਰਧਾਨ ਮੰਤਰੀ ਨੇ ਕਿਹਾ, 'ਜੀ-7 ਵਿੱਚ ਭਾਰਤ ਨਾ ਸਿਰਫ ਆਪਣੇ ਲਈ ਬੋਲੇਗਾ, ਬਲਕਿ ਇਹ ਗਲੋਬਲ ਸਾਊਥ ਦੀਆਂ ਇੱਛਾਵਾਂ ਨੂੰ ਵੀ ਆਵਾਜ਼ ਦੇਵੇਗਾ,' ਉਨ੍ਹਾਂ ਨੇ ਲਗਾਤਾਰ ਅੱਠਵੇਂ ਸੰਮੇਲਨ ਲਈ ਸਮੂਹ ਵਿੱਚ ਭਾਰਤ ਦੇ ਸੱਦੇ ਨੂੰ ਇਸਦੇ ਭਾਈਵਾਲਾਂ ਦੁਆਰਾ ਦੇਸ਼ ਵਿੱਚ ਰੱਖੇ ਗਏ ਵਿਸ਼ਵਾਸ ਅਤੇ ਇਸਦੇ ਵਧਦੇ ਗਲੋਬਲ ਪ੍ਰੋਫਾਈਲ ਦਾ ਪ੍ਰਤੀਬਿੰਬ ਦੱਸਿਆ।ਮੋਦੀ ਨੇ ਕਿਹਾ ਕਿ ਉਹ ਫਰਵਰੀ ਤੋਂ ਬਾਅਦ ਹੋਈ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਦੁਵੱਲੇ ਸਹਿਯੋਗ ਵਿੱਚ ਅਗਲੇ ਕਦਮਾਂ ਦੀ ਰੂਪਰੇਖਾ ਤਿਆਰ ਕਰਨ ਲਈ ਨੀਸ ਵਿੱਚ ਰਾਸ਼ਟਰਪਤੀ ਮੈਕਰੋਂ ਨਾਲ ਮੁਲਾਕਾਤ ਕਰਨਗੇ।ਪ੍ਰਧਾਨ ਮੰਤਰੀ ਅਤੇ ਫਰਾਂਸ ਦੇ ਰਾਸ਼ਟਰਪਤੀ 14 ਜੂਨ ਨੂੰ 'ਭਾਰਤ ਇਨੋਵੇਟਸ' ਦਾ ਸਾਂਝੇ ਤੌਰ 'ਤੇ ਉਦਘਾਟਨ ਵੀ ਕਰਨਗੇ, ਜੋ ਕਿ ਇੰਡੀਆ-ਫਰਾਂਸ ਈਅਰ ਆਫ ਇਨੋਵੇਸ਼ਨ ਦੇ ਹਿੱਸੇ ਵਜੋਂ ਆਯੋਜਿਤ ਇੱਕ ਫਲੈਗਸ਼ਿਪ ਸਮਾਗਮ ਹੈ। ਇਹ ਪਹਿਲਕਦਮੀ ਭਾਰਤੀ ਸਟਾਰਟ-ਅੱਪਸ ਨੂੰ ਗਲੋਬਲ ਨਿਵੇਸ਼ਕਾਂ ਨਾਲ ਜੋੜਨ ਅਤੇ ਭਾਰਤ ਦੇ ਉੱਚ ਸਿੱਖਿਆ ਈਕੋਸਿਸਟਮ ਤੋਂ ਉੱਭਰ ਰਹੀਆਂ ਕਾਢਾਂ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ।ਨੀਸ ਤੋਂ ਮੋਦੀ 14 ਅਤੇ 15 ਜੂਨ ਨੂੰ ਰਾਜ ਦੌਰੇ ਲਈ ਸਲੋਵਾਕੀਆ ਦੀ ਯਾਤਰਾ ਕਰਨਗੇ। ਇਹ ਦੌਰਾ 1993 ਵਿੱਚ ਸਲੋਵਾਕੀਆ ਦੀ ਆਜ਼ਾਦੀ ਤੋਂ ਬਾਅਦ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਪਹਿਲਾ ਦੌਰਾ ਹੋਵੇਗਾ।

# ਹਿਮਾਚਲ 'ਚ ਅਗਲੇ ਕੁਝ ਘੰਟੇ ਖ਼ਤਰਨਾਕ ! ਮੌਸਮ ਵਿਭਾਗ ਵੱਲੋਂ ਅਚਾਨਕ ਹੜ੍ਹ ਦੀ ਚਿਤਾਵਨੀ

ਸ਼ਿਮਲਾ, 13 ਜੂਨ (ਪ੍ਰਤੀਨਿਧੀ) : 'ਪੱਛਮੀ ਗੜਬੜ' ਕਾਰਨ ਪਏ ਮੀਂਹ ਨੇ ਸੂਬੇ ਦੇ ਮੈਦਾਨੀ ਤੇ ਨੀਮ ਪਹਾੜੀ ਖੇਤਰਾਂ 'ਚ ਭਿਆਨਕ ਗਰਮੀ ਤੋਂ ਲੋਕਾਂ ਨੂੰ ਰਾਹਤ ਦਿਵਾਈ ਹੈ। ਹਿਮਾਚਲ ਪ੍ਰਦੇਸ਼ ਵਿੱਚ ਬਦਲਦੇ ਮੌਸਮ ਦੇ ਵਿਚਕਾਰ ਮੌਸਮ ਵਿਭਾਗ (ਆਈਐਮਡੀ) ਨੇ ਰਾਜ ਦੇ ਕਈ ਹਿੱਸਿਆਂ ਲਈ ਇੱਕ ਗੰਭੀਰ ਚੇਤਾਵਨੀ ਜਾਰੀ ਕੀਤੀ ਹੈ। ਅਗਲੇ 24 ਘੰਟਿਆਂ ਦੌਰਾਨ ਸਿਰਮੌਰ ਤੇ ਸ਼ਿਮਲਾ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ 'ਚ ਅਚਾਨਕ ਹੜ੍ਹ ਆਉਣ ਦਾ ਅਲਰਟ ਜਾਰੀ ਕੀਤਾ ਹੈ। ਵਿਗੜਦੇ ਮੌਸਮ ਦੇ ਮੱਦੇਨਜ਼ਰ, ਪ੍ਰਸ਼ਾਸਨ ਨੇ ਸਥਾਨਕ ਨਿਵਾਸੀਆਂ ਅਤੇ ਸੈਲਾਨੀਆਂ ਨੂੰ ਨਦੀਆਂ ਅਤੇ ਨਾਲਿਆਂ ਦੇ ਨੇੜੇ ਜਾਣ ਤੋਂ ਬਚਣ ਅਤੇ ਵਿਸ਼ੇਸ਼ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ।ਦੱਸ ਦੇਈਏ ਕਿ ਮੌਸਮ ਵਿਗਿਆਨ ਕੇਂਦਰ ਸ਼ਿਮਲਾ ਨੇ 18 ਜੂਨ ਤੱਕ



ਪੂਰੇ ਸੂਬੇ 'ਚ ਮੌਸਮ ਦੇ ਖਰਾਬ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਸੂਬੇ ਦੀਆਂ ਉੱਚੀਆਂ ਚੋਟੀਆਂ 'ਤੇ ਹੋਈ ਹਲਕੀ ਬਰਫ਼ਬਾਰੀ ਕਾਰਨ ਤਾਪਮਾਨ 'ਚ ਕਾਫ਼ੀ ਗਿਰਾਵਟ ਆਈ ਹੈ।

## ਲੈਫ਼ਟੀਨੈਂਟ ਜਨਰਲ ਧੀਰਜ ਸੇਠ ਹੋਣਗੇ ਭਾਰਤੀ ਫੌਜ ਦੇ ਅਗਲੇ ਮੁਖੀ

ਨਵੀਂ ਦਿੱਲੀ, 13 ਜੂਨ (ਪ੍ਰਤੀਨਿਧੀ) : ਕੇਂਦਰ ਸਰਕਾਰ ਨੇ ਇੱਕ ਵੱਡਾ ਫੈਸਲਾ ਲੈਂਦਿਆਂ ਲੈਫਟੀਨੈਂਟ ਜਨਰਲ ਧੀਰਜ ਸੇਠ ਨੂੰ ਭਾਰਤੀ ਫੌਜ (ਥਲ ਸੈਨਾ) ਦਾ ਅਗਲਾ ਮੁਖੀ ਨਿਯੁਕਤ ਕੀਤਾ ਹੈ। ਲੈਫਟੀਨੈਂਟ ਜਨਰਲ ਸੇਠ ਮੌਜੂਦਾ ਸਮੇਂ ਫੌਜ ਦੇ ਉਪ-ਮੁਖੀ (ਵਾਈਸ ਚੀਫ਼) ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਆਉਂਦੀ 30 ਜੂਨ ਨੂੰ ਮੌਜੂਦਾ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ (ਪੀ.ਵੀ.ਐਸ.ਐਮ., ਏ.ਵੀ.ਐਸ.ਐਮ.) ਦੇ ਸੇਵਾਮੁਕਤ ਹੋਣ ਤੋਂ ਬਾਅਦ ਆਪਣਾ ਨਵਾਂ ਅਹੁਦਾ ਸੰਭਾਲਣਗੇ। ਭਾਰਤੀ ਫੌਜ ਦੇ ਇਤਿਹਾਸ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਇਹ ਪਹਿਲਾ ਮੌਕਾ ਹੈ ਜਦੋਂ 'ਆਰਮਰਡ ਕੋਰ' (ਬਖਤਰਬੰਦ ਰੈਜੀਮੈਂਟ) ਦੇ ਕਿਸੇ ਅਧਿਕਾਰੀ ਨੂੰ ਫੌਜ ਮੁਖੀ ਦੀ ਕਮਾਨ ਸੌਂਪੀ ਗਈ ਹੈ।ਲੈਫਟੀਨੈਂਟ ਜਨਰਲ



ਧੀਰਜ ਸੇਠ ਦਸੰਬਰ 1986 ਵਿੱਚ ਭਾਰਤੀ ਫੌਜ ਦੀ ਆਰਮਰਡ ਕੋਰ ਵਿੱਚ ਕਮਿਸ਼ਨਡ ਹੋਏ ਸਨ। ਉਨ੍ਹਾਂ ਕੋਲ ਫੌਜੀ ਮੁਹਿੰਮਾਂ, ਰਣਨੀਤੀ, ਸਮਰੱਥਾ ਵਿਕਾਸ ਅਤੇ ਸੰਸਥਾਗਤ ਖੇਤਰਾਂ ਦਾ ਇੱਕ ਬਹੁਤ ਹੀ ਲੰਮਾ ਅਤੇ ਵਿਆਪਕ ਤਜਰਬਾ ਹੈ। ਉਨ੍ਹਾਂ ਨੇ ਭਾਰਤੀ ਫੌਜ ਦੀ ਲੜਾਕੂ ਸਮਰੱਥਾ ਨੂੰ ਵਧਾਉਣ ਅਤੇ ਇਸ ਦੇ ਲੰਬੇ ਸਮੇਂ ਦੇ ਪਰਿਵਰਤਨ (ਟਰਾਂਸਫਾਰਮੇਸ਼ਨ) ਵਿੱਚ ਬੇਹੱਦ ਅਹਿਮ ਯੋਗਦਾਨ ਪਾਇਆ ਹੈ।

## ਰਾਜਨਾਥ ਸਿੰਘ ਦੀ ਪਾਕਿਸਤਾਨ ਨੂੰ ਖੁੱਲ੍ਹੀ ਚਿਤਾਵਨੀ

# 'ਅੱਤਵਾਦ ਦੇ ਆਕਾਵਾਂ ਤੱਕ ਨਹੀਂ ਪਹੁੰਚਣ ਦਿਆਂਗੇ ਸਿੰਧੂ ਨਦੀ ਦਾ ਪਾਣੀ'

ਨਵੀਂ ਦਿੱਲੀ, 13 ਜੂਨ (ਪ੍ਰਤੀਨਿਧੀ) : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਨੂੰ ਸਖ਼ਤ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਅੱਤਵਾਦ ਦੇ ਸਰਪ੍ਰਸਤਾਂ ਤੱਕ ਸਿੰਧੂ ਨਦੀ ਦਾ ਪਾਣੀ ਨਹੀਂ ਪਹੁੰਚਣ ਦਿੱਤਾ ਜਾਵੇਗਾ। ਰੱਖਿਆ ਮੰਤਰੀ ਨੇ ਸਾਫ਼ ਤੌਰ 'ਤੇ ਕਿਹਾ ਕਿ ਭਾਰਤ ਅਮਨ-ਸ਼ਾਂਤੀ ਦੀ ਭਾਸ਼ਾ ਨਾ ਸਮਝਣ ਵਾਲਿਆਂ ਨੂੰ ਜਵਾਬ ਦੇਣਾ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰਲੇ ਅੱਤਵਾਦ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕਰਦਾ, ਉਦੋਂ ਤੱਕ ਇਹ ਪਾਣੀ-ਵੰਡ ਸਮਝੌਤਾ ਮੁਲਤਵੀ ਹੀ ਰਹੇਗਾ।ਰੱਖਿਆ ਮੰਤਰੀ ਰਾਜਨਾਥ ਸਿੰਘ ਹੈਦਰਾਬਾਦ ਵਿੱਚ ਆਯੋਜਿਤ ਇੱਕ 'ਬੁੱਧੀਜੀਵੀ ਸੰਮੇਲਨ' ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ 'ਓਪਰੇਸ਼ਨ ਸਿੰਧੂਰ' ਅਤੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸੰਧੀ ਨੂੰ ਮੁਲਤਵੀ ਕੀਤੇ ਜਾਣ ਦਾ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਓਪਰੇਸ਼ਨ ਸਿੰਧੂਰ ਰਾਹੀਂ ਸਰਕਾਰ ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਜਵਾਬ ਦੇਣਾ ਜਾਣਦੀ ਹੈ ਜੋ ਸ਼ਾਂਤੀ ਅਤੇ ਭਾਈਚਾਰੇ ਦੀ ਭਾਸ਼ਾ ਨਹੀਂ ਸਮਝਦੇ।ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, 'ਪਹਿਲਗਾਮ



ਅੱਤਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸੰਧੀ ਨੂੰ ਮੁਲਤਵੀ ਕਰਕੇ ਅਸੀਂ ਇਹ ਸੁਨੇਹਾ ਦਿੱਤਾ ਸੀ ਕਿ ਜਿਨ੍ਹਾਂ ਦੇ ਅੱਥਰੂ ਸੁੱਕ ਗਏ ਹਨ, ਉਨ੍ਹਾਂ ਨੂੰ ਸਾਡੇ ਕੋਲੋਂ ਪਾਣੀ ਦੀ ਉਮੀਦ ਨਹੀਂ ਕਰਨੀ ਚਾਹੀਦੀ। ਅਸੀਂ ਸਿੰਧੂ ਨਦੀ ਦਾ ਪਾਣੀ ਅੱਤਵਾਦੀਆਂ ਅਤੇ ਇਨਸਾਨੀਅਤ ਦੇ ਦੁਸ਼ਮਣਾਂ ਦੇ ਸਰਪ੍ਰਸਤਾਂ ਤੱਕ ਨਹੀਂ ਪਹੁੰਚਣ ਦਿਆਂਗੇ।'ਦੱਸ ਦੇਈਏ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਐਲਾਨ ਨੂੰ ਦੁਹਰਾਉਂਦਾ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਖ਼ੂਨ ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿੰਧੂ ਨਦੀ ਪ੍ਰਣਾਲੀ ਦੀਆਂ ਨਦੀਆਂ ਦੇ ਪਾਣੀ ਦੀ ਵਰਤੋਂ ਨੂੰ ਲੈ ਕੇ 19 ਸਤੰਬਰ 1960 ਨੂੰ ਇਤਿਹਾਸਕ 'ਸਿੰਧੂ ਜਲ ਸੰਧੀ' 'ਤੇ ਦਸਤਖਤ ਕੀਤੇ ਗਏ ਸਨ। ਹਾਲਾਂਕਿ ਪਿਛਲੇ ਸਾਲ ਪਹਿਲਗਾਮ ਵਿੱਚ ਹੋਏ ਬੇਰਹਿਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ।ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਇੱਕ ਪ੍ਰਭੁਸੱਤਾ ਸੰਪੰਨ ਰਾਸ਼ਟਰ ਵਜੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਭਾਰਤ ਨੇ ਇਸ ਸੰਧੀ ਨੂੰ ਉਦੋਂ ਤੱਕ ਲਈ ਮੁਲਤਵੀ ਕਰ ਦਿੱਤਾ ਹੈ, ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰਲੇ ਅੱਤਵਾਦ ਨੂੰ ਪੂਰੀ ਤਰ੍ਹਾਂ ਅਤੇ ਭਰੋਸੇਯੋਗ ਤਰੀਕੇ ਨਾਲ ਬੰਦ ਨਹੀਂ ਕਰ ਦਿੰਦਾ।

## ਹਵਾਈ ਜਹਾਜ਼ ਦੇ ਟਾਇਲਟ ਸਪੀਕਰ ਤੋਂ ਮਿਲਿਆ 4 ਕਰੋੜ ਦਾ ਸੋਨਾ



ਅਹਿਮਦਾਬਾਦ, 13 ਜੂਨ (ਪ੍ਰਤੀਨਿਧੀ) : ਅਹਿਮਦਾਬਾਦ ਹਵਾਈ ਅੱਡੇ 'ਤੇ ਇੱਕ ਜਹਾਜ਼ ਵਿੱਚੋਂ ਚਾਰ ਕਿਲੋਗ੍ਰਾਮ ਸੋਨਾ ਜ਼ਬਤ ਕੀਤਾ ਗਿਆ ਹੈ। ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਦੇ ਅਧਿਕਾਰੀਆਂ ਨੇ ਜਹਾਜ਼ 'ਤੇ ਛਾਪਾ ਮਾਰਿਆ ਅਤੇ ਟਾਇਲਟ ਵਿੱਚੋਂ ਸੋਨਾ ਬਰਾਮਦ ਕੀਤਾ। ਇੰਡੀਗੋ ਦੀ ਇਹ ਉਡਾਣ ਵੀਰਵਾਰ ਨੂੰ ਦੁਬਈ ਤੋਂ ਅਹਿਮਦਾਬਾਦ ਪਹੁੰਚੀ ਸੀ। ਇਹ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਕਿ ਸੋਨਾ ਕੌਣ ਲਿਆਇਆ ਸੀ।ਇੱਕ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ, ਅਧਿਕਾਰੀਆਂ ਨੇ ਜਹਾਜ਼ ਦੀ ਤਲਾਸ਼ੀ ਲਈ। ਤਲਾਸ਼ੀ ਦੌਰਾਨ, ਟਾਇਲਟ ਵਿੱਚ ਲੱਗੇ ਇੱਕ ਸਪੀਕਰ ਬਾਕਸ ਦੇ ਅੰਦਰ ਦੋ ਥੈਲੀਆਂ ਮਿਲੀਆਂ। ਇਨ੍ਹਾਂ ਥੈਲੀਆਂ ਵਿੱਚ 24 ਸੋਨੇ ਦੇ ਬਿਸਕੁਟ ਸਨ। ਇਨ੍ਹਾਂ 999-ਸ਼ੁੱਧਤਾ ਵਾਲੇ ਸੋਨੇ ਦੇ ਬਿਸਕੁਟਾਂ ਦੀ ਬਾਜ਼ਾਰੀ ਕੀਮਤ 4 ਕਰੋੜ ਤੋਂ ਵੱਧ ਹੋਣ ਦਾ ਅਨੁਮਾਨ ਹੈ।ਹਵਾਈ ਅੱਡੇ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, ਅਧਿਕਾਰੀਆਂ ਨੂੰ ਜਹਾਜ਼ ਵਿੱਚ ਸੋਨੇ ਦੀ ਤਸਕਰੀ ਬਾਰੇ ਇੱਕ ਸੂਹ ਮਿਲੀ ਸੀ। ਇੰਡੀਗੋ ਦੀ ਉਡਾਣ 65-1478 ਵੀਰਵਾਰ ਨੂੰ ਅਹਿਮਦਾਬਾਦ ਹਵਾਈ ਅੱਡੇ 'ਤੇ ਪਹੁੰਚਦੇ ਹੀ ਜਾਂਚ ਸ਼ੁਰੂ ਕਰ ਦਿੱਤੀ ਗਈ। ਜਹਾਜ਼ ਦੇ ਟਾਇਲਟਾਂ ਨਾਲ ਸਬੰਧਤ ਸੋਨੇ ਦੀ ਤਸਕਰੀ ਦੀਆਂ ਘਟਨਾਵਾਂ ਪਹਿਲਾਂ ਵੀ ਸਾਹਮਣੇ ਆਈਆਂ ਹਨ।

# ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਭਿਆਨਕ ਸੜਕ ਹਾਦਸਾ; ਤਿੰਨ ਔਰਤਾਂ ਸਮੇਤ ਚਾਰ ਲੋਕਾਂ ਦੀ ਮੌਤ

ਨਵੀਂ ਦਿੱਲੀ, 13 ਜੂਨ (ਪ੍ਰਤੀਨਿਧੀ) : ਨੂੰਹ ਵਿਖੇ ਦਿੱਲੀ-ਮੁੰਬਈ-ਵਡੋਦਰਾ ਐਕਸਪ੍ਰੈਸਵੇਅ 'ਤੇ ਸ਼ਨੀਵਾਰ ਸਵੇਰੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ ਤਿੰਨ ਔਰਤਾਂ ਅਤੇ ਇੱਕ ਮਰਦ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਬੱਚਾ ਅਤੇ ਗੱਡੀ ਦਾ ਡਰਾਈਵਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ, ਮੰਡੀਖੇੜਾ ਵਿਖੇ ਭਰਤੀ ਕਰਵਾਇਆ ਗਿਆ ਹੈ।



ਜਾਣਕਾਰੀ ਅਨੁਸਾਰ, ਥਾਣਾ ਸਦਰ ਫਿਰੋਜ਼ਪੁਰ ਝਿਰਕਾ ਖੇਤਰ ਦੇ ਅਧੀਨ ਪੈਂਦੇ ਪਿੰਡ ਬਘੋਲਾ ਦੇ ਨੇੜੇ ਐਕਸਪ੍ਰੈਸਵੇਅ ਦੇ ਚੈਨਲ/ਪਿੱਲਰ ਨੰਬਰ-64 'ਤੇ ਦਿੱਲੀ ਵੱਲ ਜਾ ਰਹੀ ਇੱਕ ਅਲਕਾਜ਼ਾਰ ਕਾਰ ਸਾਹਮਣੇ ਖੜ੍ਹੇ ਇੱਕ ਟਰੱਕ ਨਾਲ ਟਕਰਾ ਗਈ। ਇਹ ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਬੁਰੀ ਤਰ੍ਹਾਂ ਨਾਲ ਟੁੱਟ-ਭੱਜ ਗਈ। ਹਾਦਸੇ ਵਿੱਚ ਕਾਰ ਸਵਾਰ ਤਿੰਨ ਔਰਤਾਂ ਅਤੇ ਇੱਕ ਮਰਦ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਨ੍ਹਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਇਸ ਦੇ ਨਾਲ ਹੀ ਇੱਕ ਬੱਚਾ ਅਤੇ ਕਾਰ ਡਰਾਈਵਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਮੰਡੀਖੇੜਾ ਦੇ ਹਸਪਤਾਲ ਭੇਜਿਆ ਗਿਆ।

ਹਾਦਸੇ ਦੀ ਸੂਚਨਾ ਮਿਲਦੇ ਹੀ ਫਿਰੋਜ਼ਪੁਰ ਝਿਰਕਾ ਸਦਰ ਥਾਣੇ ਦੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕੀਤੇ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਹੈ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸ਼ੁਰੂਆਤੀ ਜਾਣਕਾਰੀ ਮੁਤਾਬਕ ਇਹ ਹਾਦਸਾ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਕਾਰ ਦੇ ਟਕਰਾਉਣ ਕਾਰਨ ਵਾਪਰਿਆ ਹੈ ਅਤੇ ਪੁਲਿਸ ਇਸ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ।

## ਭਾਰਤੀ ਜਹਾਜ਼ਾਂ ਤੇ ਹੋਏ ਹਮਲੇ ਮਗਰੋਂ ਵਿਦੇਸ਼ ਮੰਤਰਾਲਾ ਸਖ਼ਤ

# ਅਮਰੀਕੀ ਰਾਜਦੂਤ ਨੂੰ ਦੂਜੀ ਵਾਰ ਕੀਤਾ ਤਲਬ

ਨਵੀਂ ਦਿੱਲੀ , 13 ਜੂਨ (ਪ੍ਰਤੀਨਿਧੀ) : ਭਾਰਤ ਨੇ ਓਮਾਨ ਤੱਟ ਦੇ ਨੇੜੇ ਵਪਾਰਕ ਜਹਾਜ਼ਾਂ 'ਚ ਸਵਾਰ ਭਾਰਤੀ ਮਲਾਹਾਂ 'ਤੇ ਅਮਰੀਕੀ ਫੌਜ ਦੇ ਹਮਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਕ ਵਾਰ ਫਿਰ ਸ਼ੁੱਕਰਵਾਰ ਨੂੰ ਇੱਥੇ ਸਥਿਤ ਅਮਰੀਕੀ ਦੂਤਘਰ ਦੇ ਮੁਖੀ ਰਾਜਦੂਤ ਜੇਸਨ ਮੀਕਸ ਨੂੰ ਤਲਬ ਕਰ ਕੇ ਸਖ਼ਤ ਵਿਰੋਧ ਪ੍ਰਗਟਾਇਆ ਹੈ।ਬੀਤੇ 4 ਦਿਨਾਂ 'ਚ ਇਹ ਦੂਜਾ ਮੌਕਾ ਹੈ ਜਦੋਂ ਵਿਦੇਸ਼ ਮੰਤਰਾਲੇ ਨੇ ਅਮਰੀਕੀ ਰਾਜਦੂਤ ਨੂੰ ਬੁਲਾ ਕੇ ਭਾਰਤ ਦੀਆਂ ਚਿੰਤਾਵਾਂ ਅਤੇ ਵਿਰੋਧ ਤੋਂ ਜਾਣੂ ਕਰਾਉਂਦੇ ਹੋਏ ਇਸ ਤਰ੍ਹਾਂ ਦੇ ਹਮਲਿਆਂ ਨੂੰ ਰੋਕਣ ਲਈ ਕਿਹਾ ਹੈ। ਵਿਦੇਸ਼ ਮੰਤਰਾਲੇ 'ਚ ਐਡੀਸ਼ਨਲ ਸਕੱਤਰ



(ਅਮਰੀਕਾ) ਨਾਗਰਾਜ ਨਾਇਡੂ ਨੇ ਮੀਕਸ ਦੇ ਸਾਹਮਣੇ ਭਾਰਤੀ ਮਲਾਹਾਂ ਦੀ ਸੁਰੱਖਿਆ ਦਾ ਮੁੱਦਾ ਉਠਾਇਆ ਤੇ ਉਨ੍ਹਾਂ ਨੂੰ ਭਾਰਤ ਦੀ ਨਾਰਾਜ਼ਗੀ ਤੋਂ ਜਾਣੂ ਕਰਾਇਆ।ਵੀਰਵਾਰ ਨੂੰ ਓਮਾਨ ਤੱਟ ਅਤੇ ਹੋਰਮੁਜ਼ ਸਟ੍ਰੇਟ ਦੇ ਕੋਲ ਅਮਰੀਕੀ ਫੌਜ ਦੇ ਹਮਲਿਆਂ 'ਚ ਭਾਰਤੀ ਮਲਾਹਾਂ ਵਾਲੇ ਜਹਾਜ਼ ਐਮ. ਟੀ. ਜਲਵੀਰ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਤੋਂ ਪਹਿਲਾਂ 10 ਜੂਨ ਨੂੰ ਪਲਾਊ ਦੇ ਝੰਡੇ ਵਾਲੇ ਜਹਾਜ਼ ਐਮ. ਟੀ. ਸੇਟੇਬੇਲੋ 'ਤੇ ਅਮਰੀਕੀ ਹਮਲੇ 'ਚ 3 ਭਾਰਤੀ ਮਲਾਹ ਮਾਰੇ ਗਏ ਸਨ। ਉਧਰ, ਸੰਯੁਕਤ ਰਾਸ਼ਟਰ ਮੁਖੀ ਐਂਟੋਨੀਓ ਗੁਟਾਰੇਸ ਦੇ ਬੁਲਾਰੇ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਮੁਖੀ ਨੇ ਓਮਾਨ ਦੇ ਤੱਟ 'ਤੇ ਪਲਾਊ ਝੰਡੇ ਵਾਲੇ ਇਕ ਟੈਂਕਰ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਅਤੇ 3 ਭਾਰਤੀ ਮਲਾਹਾਂ ਦੀ ਮੌਤ 'ਤੇ ਦੁਖ ਪ੍ਰਗਟਾਇਆ।

**ਸੰਪਾਦਕੀ**

# ਕੌਮਾਂਤਰੀ ਕਾਨੂੰਨਾਂ ਦੀ ਅਣਦੇਖੀ

ਪੱਛਮੀ ਏਸ਼ੀਆ ਵਿੱਚ ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਹੁਣ ਉਨ੍ਹਾਂ ਦੇਸ਼ਾਂ ਅਤੇ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ ਜੋ ਪੂਰੀ ਤਰ੍ਹਾਂ ਨਿਰਪੱਖ ਹਨ ਅਤੇ ਸਿਰਫ਼ ਜ਼ਰੂਰੀ ਸਪਲਾਈ ਪ੍ਰਾਪਤ ਕਰਨ ਦੀ ਉਮੀਦ ਵਿੱਚ ਇਸ ਖੇਤਰ ਵਿੱਚ ਮੌਜੂਦ ਹਨ। ਆਦਰਸ਼ਕ ਤੌਰ 'ਤੇ, ਜਨਤਾ ਦੀਆਂ ਜ਼ਰੂਰਤਾਂ ਦੇ ਜਵਾਬ ਵਿੱਚ ਆਪਣੇ ਫਰਜ਼ ਨਿਭਾ ਰਹੇ ਦੂਜੇ ਦੇਸ਼ਾਂ ਦੇ ਨਾਗਰਿਕਾਂ ਨੂੰ ਕਿਸੇ ਵੀ ਪੱਖ ਦੁਆਰਾ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਹਾਲਾਂਕਿ, ਇਸ ਮਾਮਲੇ ਵਿੱਚ ਅਮਰੀਕਾ ਦੁਆਰਾ ਹਾਲ ਹੀ ਵਿੱਚ ਦਿਖਾਈ ਗਈ ਲਾਪਰਵਾਹੀ ਅਤੇ ਮਨਮਾਨੀ ਦਾ ਪੱਧਰ ਦਰਸਾਉਂਦਾ ਹੈ ਕਿ ਇਸਨੂੰ ਆਮ ਸਥਿਤੀ ਦੀ ਬਹਾਲੀ ਲਈ ਕੋਈ ਚਿੰਤਾ ਨਹੀਂ ਹੈ। ਨਹੀਂ ਤਾਂ, ਇਸਨੇ ਪਿਛਲੇ ਤਿੰਨ ਜਾਂ ਚਾਰ ਦਿਨਾਂ ਵਿੱਚ ਖੇਤਰ ਵਿੱਚ ਤਿੰਨ ਭਾਰਤੀ ਜਹਾਜ਼ਾਂ ਨੂੰ ਨਿਸ਼ਾਨਾ ਕਿਉਂ ਬਣਾਇਆ ? ਇਸਨੇ ਇਹ ਸਮਝਣਾ ਜ਼ਰੂਰੀ ਕਿਉਂ ਨਹੀਂ ਸਮਝਿਆ ਕਿ ਜਿਨ੍ਹਾਂ ਜਹਾਜ਼ਾਂ 'ਤੇ ਇਹ ਹਮਲਾ ਕਰ ਰਿਹਾ ਸੀ ਉਹ ਵਪਾਰਕ ਸਨ ਅਤੇ ਕਿਸੇ ਵੀ ਤਰ੍ਹਾਂ ਇਸ ਯੁੱਧ ਦਾ ਹਿੱਸਾ ਨਹੀਂ ਸਨ ? ਇਹ ਧਿਆਨ ਦੇਣ ਯੋਗ ਹੈ ਕਿ ਓਮਾਨ ਦੇ ਤੱਟ 'ਤੇ ਵਪਾਰਕ ਜਹਾਜ਼ ਸੇਟੇਬੇਲੋ 'ਤੇ ਅਮਰੀਕੀ ਹਮਲੇ ਵਿੱਚ ਤਿੰਨ ਭਾਰਤੀ ਮਲਾਹਾਂ ਦੀ ਜਾਨ ਚਲੀ ਗਈ। ਇਸ ਵਿੱਚ ਚੌਵੀ ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕੀ ਨੂੰ ਕਿਸੇ ਤਰ੍ਹਾਂ ਬਚਾਇਆ ਗਿਆ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ, ਮੈਰੀਵੈਕਸ ਨਾਮ ਦੇ ਇੱਕ ਤੇਲ ਟੈਂਕਰ 'ਤੇ ਹਮਲਾ ਕੀਤਾ ਗਿਆ ਸੀ, ਜਿਸ ਤੋਂ ਬਾਅਦ ਭਾਰਤੀ ਮਲਾਹਾਂ ਨੇ ਮਦਦ ਲਈ ਐਮਰਜੈਂਸੀ ਸੁਨੇਹਾ ਭੇਜਿਆ ਸੀ। ਵੀਰਵਾਰ ਨੂੰ ਓਮਾਨ ਦੇ ਸ਼ਿਨਾਸ ਬੰਦਰਗਾਹ ਦੇ ਨੇੜੇ ਇੱਕ ਵਪਾਰਕ ਜਹਾਜ਼, ਐਮਟੀ ਜਲਵੀਰ 'ਤੇ ਵੀ ਹਮਲਾ ਕੀਤਾ ਗਿਆ ਸੀ। ਹਾਲਾਂਕਿ, ਦੋਵਾਂ ਘਟਨਾਵਾਂ ਵਿੱਚ ਸਾਰੇ ਮਲਾਹਾਂ ਨੂੰ ਬਚਾਇਆ ਗਿਆ। ਸਵਾਲ ਇਹ ਹੈ ਕਿ ਅਮਰੀਕਾ ਨੂੰ ਇਹ ਸਮਝਣ ਵਿੱਚ ਮੁਸ਼ਕਲ ਕਿਉਂ ਆ ਰਹੀ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਵਿੱਚ ਨਿਰਪੱਖ ਦੇਸ਼ਾਂ ਦੇ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ ਦੂਜੇ ਮੋਰਚਿਆਂ ਨੂੰ ਕਿਵੇਂ ਗੁੰਝਲਦਾਰ ਬਣਾ ਸਕਦਾ ਹੈ। ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ ਪਹਿਲਾਂ ਹੀ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰ ਰਹੇ ਹਨ। ਹਮਲਾ ਕੀਤੇ ਗਏ ਵਪਾਰਕ ਜਹਾਜ਼ ਕਿਸੇ ਵੀ ਤਰ੍ਹਾਂ ਯੁੱਧ ਦਾ ਹਿੱਸਾ ਨਹੀਂ ਸਨ। ਫਿਰ ਵੀ, ਅਮਰੀਕਾ ਨੇ ਬਿਨਾਂ ਕਿਸੇ ਮਜ਼ਬੂਤ ਆਧਾਰ ਜਾਂ ਭੜਕਾਹਟ ਦੇ ਹਮਲਾ ਕੀਤਾ। ਸ਼ਾਇਦ ਹੁਣ ਇਸਨੂੰ ਆਪਣੇ ਰਵੱਈਏ ਅਤੇ ਜ਼ਿੱਦ ਦੇ ਨਤੀਜਿਆਂ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਇਹ ਬਿਨਾਂ ਕਿਸੇ ਕਾਰਨ ਦੇ ਨਹੀਂ ਹੈ ਕਿ ਭਾਰਤ ਨੇ ਅਮਰੀਕੀ ਦੂਤਾਵਾਸ ਦੇ ਚਾਰਜ ਡੀ ਅਫੇਅਰਜ਼ ਨੂੰ ਤਲਬ ਕੀਤਾ ਅਤੇ ਹਮਲੇ ਅਤੇ ਮਲਾਹਾਂ ਦੀ ਹੱਤਿਆ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ। ਵਿਦੇਸ਼ ਮੰਤਰਾਲੇ ਨੇ ਮੱਧ ਪੂਰਬ ਵਿੱਚ ਸੰਵੇਦਨਸ਼ੀਲ ਸੁਰੱਖਿਆ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਸਮੁੰਦਰ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲਿਆਂ ਨੂੰ ਭੂ-ਰਾਜਨੀਤਿਕ ਦੁਸ਼ਮਣੀ ਦਾ ਨਤੀਜਾ ਦੱਸਿਆ। ਇੱਕ ਪਾਸੇ, ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਰੋਕ ਦਿੱਤਾ ਹੈ, ਜਦੋਂ ਕਿ ਦੂਜੇ ਪਾਸੇ, ਅਮਰੀਕਾ ਨੇ ਪੂਰੇ ਖੇਤਰ 'ਤੇ ਨਾਕਾਬੰਦੀ ਲਗਾ ਦਿੱਤੀ ਹੈ। ਉਹ ਭਾਰਤ ਜਾਂ ਕਿਸੇ ਹੋਰ ਦੇਸ਼ ਵਿੱਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਤੋਂ ਇੰਨਾ ਝਿਜਕਦਾ ਕਿਉਂ ਹੈ ? ਹੋਰਮੁਜ਼ ਜਲਡਮਰੂ ਅਤੇ ਹੋਰ ਸਮੁੰਦਰੀ ਰਸਤਿਆਂ ਤੱਕ ਬਿਨਾਂ ਰੁਕਾਵਟ ਪਹੁੰਚ ਨੂੰ ਬਹਾਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨੇ ਦੁਨੀਆ ਭਰ ਦੇ ਕਈ ਦੇਸ਼ਾਂ ਨੂੰ ਊਰਜਾ ਅਤੇ ਤੇਲ ਦੀ ਸਪਲਾਈ ਵਿੱਚ ਬੁਰੀ ਤਰ੍ਹਾਂ ਵਿਘਨ ਪਾਇਆ ਹੈ, ਜਿਸ ਨਾਲ ਵਿਆਪਕ ਪੱਧਰ 'ਤੇ ਜੀਵਨ ਪ੍ਰਭਾਵਿਤ ਹੋਇਆ ਹੈ। ਵਿਅੰਗਾਤਮਕ ਤੌਰ 'ਤੇ, ਜਦੋਂ ਕਿ ਯੁੱਧ ਦੇ ਬਾਵਜੂਦ ਵਪਾਰਕ ਜਹਾਜ਼ਾਂ ਲਈ ਸੁਰੱਖਿਅਤ ਰਸਤਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਸੀ, ਇਨ੍ਹਾਂ ਜਹਾਜ਼ਾਂ 'ਤੇ ਬਿਨਾਂ ਕਿਸੇ ਆਧਾਰ ਦੇ ਹਮਲੇ ਕੀਤੇ ਜਾ ਰਹੇ ਹਨ। ਸਵਾਲ ਇਹ ਹੈ ਕਿ ਕੀ ਸਰਬੋਤਮਤਾ ਦੀ ਇਸ ਲੜਾਈ ਵਿੱਚ ਅਮਰੀਕਾ ਦੀਆਂ ਨਜ਼ਰਾਂ ਵਿੱਚ ਅੰਤਰਰਾਸ਼ਟਰੀ ਕਾਨੂੰਨ ਦੀ ਕੋਈ ਮਹੱਤਤਾ ਹੈ ?

-ਜਗਜੀਤ ਸਿੰਘ ਦਰਦੀ

# ਭਾਰਤ ਦੇ ਪ੍ਰਸਾਰਣ ਖੇਤਰ ਵਿੱਚ ਇੱਕ ਵੱਡੀ ਰੈਗੂਲੇਟਰੀ ਤਬਦੀਲੀ ਦੀ ਸ਼ੁਰੂਆਤ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

☛ ਇਹ ਤਬਦੀਲੀਆਂ ਡਿਜੀਟਲ ਯੁੱਗ ਨਾਲ ਨਵਾਂ ਤਾਲਮੇਲ ਪਰ ਸਰਕਾਰੀ ਦਬਾਅ ਵਧਾਉਣ ਦੀ ਨੀਤੀ

☛ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਤਿਆਰ ਕੀਤੀਆਂ ਟੈਲੀਕਾਮਿਊਨੀਕੇਸ਼ਨ (ਟੈਲੀਵਿਜ਼ਨ, ਰੇਡੀਓ ਅਤੇ ਐਸੋਸੀਏਟਿਡ ਸੇਵਾਵਾਂ) ਨਿਯਮ, 2026 ਦਾ ਖਰੜਾ ਵਿਸ਼ਲੇਸ਼ਣ ਅਤੇ ਪ੍ਰਭਾਵ

ਅੱਜ ਭਾਰਤ ਵਿੱਚ ਪ੍ਰਸਾਰਣ ਖੇਤਰ ਵਿੱਚ ਇੱਕ ਵੱਡੀ ਰੈਗੂਲੇਟਰੀ ਤਬਦੀਲੀ ਦੀ ਸ਼ੁਰੂਆਤ ਹੋ ਰਹੀ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ (MIB) ਨੇ 12 ਜੂਨ 2026 ਨੂੰ ਟੈਲੀਕਮਿਊਨੀਕੇਸ਼ਨ (ਟੈਲੀਵਿਜ਼ਨ, ਰੇਡੀਓ ਅਤੇ ਐਸੋਸੀਏਟਿਡ ਸੇਵਾਵਾਂ) ਨਿਯਮ, 2026 ਦਾ ਖਰੜਾ ਜਨਤਕ ਸਲਾਹ-ਮਸ਼ਵਰੇ ਲਈ ਜਾਰੀ ਕੀਤਾ ਹੈ। ਇਸ ਖਰੜੇ 'ਤੇ ਫੀਡਬੈਕ ਦੇਣ ਲਈ 27 ਜੁਲਾਈ 2026 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਹ ਤਬਦੀਲੀਆਂ ਟੈਲੀਕਾਮਿਊਨੀਕੇਸ਼ਨ ਐਕਟ, 2023 ਤਹਿਤ ਲਾਗੂ ਹੋਣ ਵਾਲੀਆਂ ਹਨ, ਜਿਸ ਨੇ 1885 ਦੇ ਪੁਰਾਣੇ ਭਾਰਤੀ ਟੈਲੀਗ੍ਰਾਫ ਐਕਟ ਨੂੰ ਬਦਲਿਆ ਹੈ। ਇਸ ਨਿਯਮ ਦਾ ਉਦੇਸ਼ ਟੀਵੀ, ਰੇਡੀਓ, DTH, HITS, ਕਮਿਊਨਿਟੀ ਰੇਡੀਓ, IPTV ਆਦਿ ਨੂੰ ਇੱਕ ਏਕੀਕ੍ਰਿਤ ਰੈਗੂਲੇਟਰੀ ਢਾਂਚੇ ਤਹਿਤ ਲਿਆਉਣਾ ਹੈ।

ਅੱਜ ਇਸ ਖਰੜੇ ਨੇ ਮੀਡੀਆ ਉਦਯੋਗ ਵਿੱਚ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਇਸ ਨੂੰ ਰੈਗੂਲੇਸ਼ਨ ਨੂੰ ਸਰਲ ਬਣਾਉਣ ਅਤੇ ਈਜ਼ ਆਫ ਡੂਇੰਗ ਬਿਜ਼ਨੈੱਸ ਵਧਾਉਣ ਵਾਲਾ ਕਦਮ ਮੰਨਿਆ ਜਾ ਰਿਹਾ ਹੈ, ਦੂਜੇ ਪਾਸੇ ਇਸ ਵਿੱਚ ਪਬਲਿਕ ਸਰਵਿਸ ਬ੍ਰਾਡਕਾਸਟਿੰਗ ਦੀਆਂ ਲਾਜ਼ਮੀ ਲੋੜਾਂ ਅਤੇ ਸਰਕਾਰੀ ਨਿਗਰਾਨੀ ਵਧਾਉਣ ਵਾਲੀਆਂ ਧਾਰਾਵਾਂ ਨੂੰ ਲੈ ਕੇ ਚਿੰਤਾਵਾਂ ਵੀ ਜ਼ਾਹਰ ਹੋ ਰਹੀਆਂ ਹਨ। ਅੱਜ ਇਸ ਖਰੜੇ ਦੀਆਂ ਮੁੱਖ ਵਿਸ਼ੇਸ਼ਤਾਵਾਂ, ਭਾਰਤੀ ਪ੍ਰੈੱਸ ਕਾਨੂੰਨ ਅਤੇ ਮੀਡੀਆ ਉੱਤੇ ਪ੍ਰਭਾਵ, ਲੋਕ ਰੁਝਾਨ, ਮੀਡੀਆ ਪ੍ਰਤੀਕਿਰਿਆਵਾਂ ਅਤੇ ਸੰਭਾਵਿਤ ਪ੍ਰਭਾਵਾਂ ਦੀ ਵਿਸਤ੍ਰਿਤ ਜਾਂਚ ਕਰਦਿਆਂ ਖਰੜੇ ਦੀ ਪਿਛੋਕੜ ਅਤੇ ਮੁੱਖ ਉਦੇਸ਼ ਕੀ ਹਨ। ਅੱਜ ਭਾਰਤ ਵਿੱਚ ਪ੍ਰਸਾਰਣ ਖੇਤਰ ਲੰਬੇ ਸਮੇਂ ਤੋਂ ਵੱਖ-ਵੱਖ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮਾਂ ਤਹਿਤ ਚੱਲ ਰਿਹਾ ਹੈ । ਟੀਵੀ ਉਪਲਿੰਕਿੰਗ/ਡਾਊਨਲਿੰਕਿੰਗ ਗਾਈਡਲਾਈਨਜ਼, DTH ਲਾਇਸੈਂਸਿੰਗ, HITS ਨਿਯਮ, FM ਰੇਡੀਓ ਪਾਲਿਸੀ, ਕਮਿਊਨਿਟੀ ਰੇਡੀਓ ਗਾਈਡਲਾਈਨਜ਼ ਅਤੇ IPTV ਨਿਯਮ ਵੱਖ-ਵੱਖ ਸਨ। ਇਸ ਖਰੜੇ ਨਾਲ ਇਹ ਛੇ ਵੱਡੀਆਂ ਢਾਂਚਿਆਂ ਨੂੰ ਇੱਕ ਏਕੀਕ੍ਰਿਤ ਰੂਪ ਵਿੱਚ ਲਿਆਂਦਾ ਗਿਆ ਹੈ। ਇਹ ਟੈਲੀਕਾਮ ਐਕਟ 2023 ਦੀ ਰੂਹ ਵਿੱਚ ਫਿੱਟ ਬੈਠਦਾ ਹੈ, ਜੋ ਡਿਜੀਟਲ ਯੁੱਗ ਲਈ ਇੱਕ ਆਧੁਨਿਕ ਢਾਂਚਾ ਉਪਲਬਧ ਕਰਾਉਂਦਾ ਹੈ।

ਹੁਣ ਮੰਤਰਾਲੇ ਅਨੁਸਾਰ ਇਸ ਨਾਲ ਕਾਨੂੰਨੀ ਪਾਲਣਾ ਸਰਲ ਹੋਵੇਗੀ, ਡੁਪਲੀਕੇਟ ਲਾਇਸੈਂਸਿੰਗ ਖਤਮ ਹੋਵੇਗੀ ਅਤੇ ਟੈਕਨਾਲੋਜੀ ਨਿਊਟਰਲ ਰੈਗੂਲੇਸ਼ਨ ਆਵੇਗੀ। ਮੌਜੂਦਾ ਲਾਇਸੈਂਸੀਆਂ ਲਈ ਮਾਈਗ੍ਰੇਸ਼ਨ ਦਾ ਰਾਹ ਵੀ ਖੁੱਲ੍ਹਾ ਹੈ। ਮੁੱਖ ਪ੍ਰਸਤਾਵ ਅਤੇ ਤਬਦੀਲੀਆਂ ਏਕੀਕ੍ਰਿਤ ਅਥਾਰਾਈਜ਼ੇਸ਼ਨ ਫਰੇਮਵਰਕ ਛੇ ਸ਼੍ਰੇਣੀਆਂ- ਟੈਲੀਵਿਜ਼ਨ ਚੈਨਲ, ਟੈਲੀਵਿਜ਼ਨ ਚੈਨਲ ਡਿਸਟਰੀਬਿਊਸ਼ਨ ਸਰਵਿਸ (DTH/HITS), ਟੈਲੀਪੋਰਟ, ਟੀਵੀ ਨਿਊਜ਼ ਏਜੰਸੀ, ਪ੍ਰਾਈਵੇਟ ਰੇਡੀਓ ਅਤੇ ਕਮਿਊਨਿਟੀ ਰੇਡੀਓ ਹਨ । ਇਹ ਪੁਰਾਣੀਆਂ ਗਾਈਡਲਾਈਨਜ਼ ਨੂੰ ਬਦਲੇਗਾ।

**IPTV ਲਈ ਸਰਲੀਕਰਨ:** IPTV ਨੂੰ ਔਪਚਾਰਿਕ ਮਾਨਤਾ ਮਿਲੀ ਹੈ। ਇਸ ਲਈ ਵੱਖਰੀ ਬ੍ਰਾਡਕਾਸਟਿੰਗ ਅਥਾਰਾਈਜ਼ੇਸ਼ਨ ਦੀ ਲੋੜ ਨਹੀਂ ਹੈ । ਇੰਟਰਨੈੱਟ ਸਰਵਿਸ ਅਥਾਰਾਈਜ਼ੇਸ਼ਨ ਜਾਂ ਕੇਬਲ ਰਜਿਸਟਰੇਸ਼ਨ ਤੇ ਡਿਕਲੇਰੇਸ਼ਨ ਨਾਲ ਕੰਮ ਚੱਲ ਸਕਦਾ ਹੈ। ਇਸ ਨਾਲ ਡਿਜੀਟਲ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਰੈਗੂਲੇਟਰੀ ਬੈਰੀਅਰ ਘੱਟ ਹੋਣਗੇ। ਅੱਜ ਟੈਕਨਾਲੋਜੀ ਨਿਊਟਰਲ ਟੀਵੀ ਚੈਨਲ ,ਸੈਟੇਲਾਈਟ ਤੋਂ ਇਲਾਵਾ ਟੈਰੇਸਟਰੀਅਲ (ਵਾਇਰਲਾਈਨ, ਵਾਇਰਲੈੱਸ, ਇੰਟਰਨੈੱਟ) ਰਾਹੀਂ ਵੀ ਚੈਨਲ ਚਲਾਏ ਜਾ ਸਕਦੇ ਹਨ। ਪਬਲਿਕ ਸਰਵਿਸ ਬ੍ਰਾਡਕਾਸਟਿੰਗ ਲੋੜਾਂ ਦੀ ਇਹ ਸਭ ਤੋਂ ਵੱਡੀ ਚਰਚਿਤ ਧਾਰਾ ਹੈ। ਟੀਵੀ ਚੈਨਲਾਂ ਨੂੰ ਰੋਜ਼ਾਨਾ 6 ਏਐੱਮ ਤੋਂ 11 ਪੀਐੱਮ ਵਿਚਾਲੇ ਘੱਟੋ-ਘੱਟ 30 ਮਿੰਟ ਰਾਸ਼ਟਰੀ ਮਹੱਤਵ ਅਤੇ ਸਮਾਜਿਕ ਪ੍ਰਸੰਗ ਵਾਲੇ ਪ੍ਰੋਗ੍ਰਾਮ ਚਲਾਉਣੇ ਪੈਣਗੇ (ਸਿੱਖਿਆ, ਖੇਤੀ, ਸਿਹਤ, ਵਿਗਿਆਨ, ਔਰਤਾਂ ਦੀ ਭਲਾਈ ਆਦਿ)। ਸਰਕਾਰ ਕੁਝ ਚੈਨਲਾਂ ਨੂੰ ਛੋਟ ਦੇ ਸਕਦੀ ਹੈ। ਅੱਜ ਪ੍ਰਾਈਵੇਟ ਰੇਡੀਓ ਲਈ ਇੱਕ ਘੰਟਾ ਅਤੇ 20% ਲੋਕਲ ਕੰਟੈਂਟ ਲਾਜ਼ਮੀ ਹੈ । ਕਮਿਊਨਿਟੀ ਰੇਡੀਓ ਲਈ ਵੀ ਖਾਸ ਲੋੜਾਂ ਹਨ, ਜਿਵੇਂ ਔਰਤਾਂ ਦੀ ਭਾਗੀਦਾਰੀ ਵਾਲੀ ਐਡਵਾਈਜ਼ਰੀ ਕਮੇਟੀ।

ਆਪਰੇਸ਼ਨਲ ਲੋੜਾਂ ਅਤੇ ਨਿਗਰਾਨੀ: ਚੈਨਲ ਇੱਕ ਸਾਲ ਵਿਚ ਚਾਲੂ ਹੋਣਾ ਚਾਹੀਦਾ ਹੈ, 90 ਦਿਨ ਬੰਦ ਰਹਿਣ 'ਤੇ ਅਥਾਰਾਈਜ਼ੇਸ਼ਨ ਰੱਦ ਹੋ ਸਕਦੀ ਹੈ। ਰਿਕਾਰਡਿੰਗ 90 ਦਿਨ ਰੱਖਣੀ ਪਵੇਗੀ। ਓਨਰਸ਼ਿਪ ਤਬਦੀਲੀ ਰਿਪੋਰਟ ਕਰਨੀ ਪਵੇਗੀ। ਟੈਲੀਕਾਮ ਐਕਟ ਤਹਿਤ ਅਡਜੂਡੀਕੇਸ਼ਨ ਅਫਸਰ ਅਤੇ ਅਪੀਲ ਕਮੇਟੀ ਹੋਵੇਗੀ।

ਅੱਜ ਇਹ ਤਬਦੀਲੀਆਂ ਡਿਜੀਟਲ ਯੁੱਗ ਨਾਲ ਤਾਲਮੇਲ ਬਣਾਉਂਦੀਆਂ ਹਨ ਪਰ ਸਰਕਾਰੀ ਨਿਯੰਤਰਣ ਵਧਾਉਂਦੀਆਂ ਵੀ ਹਨ ।ਭਾਰਤੀ ਪ੍ਰੈੱਸ ਕਾਨੂੰਨ ਅਤੇ ਰੇਡੀਓ/ ਮੀਡੀਆ ਉੱਤੇ ਅਸਰਭਾਰਤੀ ਸੰਵਿਧਾਨ ਦਾ ਅਨੁਛੇਦ 19(1)(a) ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ, ਪਰ ਇਸ ਉੱਤੇ ਯੋਗਤਾਪੂਰਵਕ ਪਾਬੰਦੀਆਂ ਲੱਗ ਸਕਦੀਆਂ ਹਨ। ਪ੍ਰੈੱਸ ਕਾਊਂਸਲ ਐਕਟ 1978, ਕੇਬਲ ਟੀਵੀ ਨੈਟਵਰਕ ਐਕਟ 1995, ਆਈਟੀ ਐਕਟ 2000 ਅਤੇ ਆਈਟੀ ਰੂਲਜ਼ ਤਹਿਤ ਮੀਡੀਆ ਰੈਗੂਲੇਟ ਹੈ। ਇਹ ਨਵੀਆਂ ਰੂਲਜ਼ ਟੈਲੀਕਾਮ ਐਕਟ ਨਾਲ ਲਿੰਕ ਹੋ ਕੇ ਇੱਕ ਵਧੇਰੇ ਕੇਂਦਰੀਕ੍ਰਿਤ ਨਿਯੰਤਰਣ ਲਿਆਉਂਦੀਆਂ ਹਨ।

**ਪ੍ਰੈੱਸ ਆਜ਼ਾਦੀ ਉੱਤੇ ਪ੍ਰਭਾਵ:** ਪਬਲਿਕ ਸਰਵਿਸ ਕੰਟੈਂਟ ਦੀ ਲਾਜ਼ਮੀ ਲੋੜ ਨੂੰ ਕੁਝ ਲੋਕ ਸਰਕਾਰੀ ਪ੍ਰਚਾਰ ਵਜੋਂ ਵੇਖ ਰਹੇ ਹਨ। ਇਹ ਚੈਨਲਾਂ ਦੀ ਐਡੀਟੋਰੀਅਲ ਆਜ਼ਾਦੀ ਉੱਤੇ ਅਸਰ ਪਾ ਸਕਦਾ ਹੈ, ਖਾਸ ਕਰਕੇ ਨਿਊਜ਼ ਚੈਨਲਾਂ ਉੱਤੇ। ਰਿਕਾਰਡਿੰਗ ਰੱਖਣ ਅਤੇ ਇੰਸਪੈਕਸ਼ਨ ਦੀਆਂ ਧਾਰਾਵਾਂ ਨਿਗਰਾਨੀ ਵਧਾਉਂਦੀਆਂ ਹਨ, ਜੋ ਸੈਲਫ-ਸੈਂਸਰਸ਼ਿਪ ਵਧਾ ਸਕਦੀਆਂ ਹਨ। ਹੁਣ ਪਿਛਲੀਆਂ ਚਰਚਾਵਾਂ ਵਾਂਗ (ਜਿਵੇਂ ਬ੍ਰਾਡਕਾਸਟਿੰਗ ਬਿਲ 2024), ਇਸ ਨੂੰ ਵੀ ਡਿਜੀਟਲ ਸੈਂਸਰਸ਼ਿਪ ਵਧਾਉਣ ਵਾਲਾ ਮੰਨਿਆ ਜਾ ਰਿਹਾ ਹੈ, ਹਾਲਾਂਕਿ ਇਹ ਖਰੜਾ ਓਟੀਟੀ/ਆਨਲਾਈਨ ਕ੍ਰੀਏਟਰਜ਼ ਉੱਤੇ ਸਿੱਧਾ ਲਾਗੂ ਨਹੀਂ ਹੈ। ਅੱਜ ਰੇਡੀਓ ਉੱਤੇ ਅਸਰ ਪਵੇਗਾ। ਐਫਐੱਮ ਰੇਡੀਓ ਲਈ ਲੋਕਲ ਕੰਟੈਂਟ ਅਤੇ ਪਬਲਿਕ ਸਰਵਿਸ ਲੋੜਾਂ ਛੋਟੀਆਂ ਸਟੇਸ਼ਨਾਂ ਲਈ ਚੁਣੌਤੀ ਬਣ ਸਕਦੀਆਂ ਹਨ, ਪਰ ਲੋਕਲ ਵਿਕਾਸ ਨੂੰ ਉਤਸ਼ਾਹਿਤ ਵੀ ਕਰ ਸਕਦੀਆਂ ਹਨ। ਕਮਿਊਨਿਟੀ ਰੇਡੀਓ ਲਈ ਔਰਤਾਂ ਦੀ ਭਾਗੀਦਾਰੀ ਵਧਾਉਣ ਵਾਲੀ ਧਾਰਾ ਸਕਾਰਾਤਮਕ ਹੈ।

**ਆਰਥਿਕ ਅਸਰ:** IPTV ਲਈ ਬੈਰੀਅਰ ਘੱਟ ਹੋਣ ਨਾਲ ਟੈਲੀਕਾਮ ਕੰਪਨੀਆਂ (ਜਿਵੇਂ ਜੀਓ, ਏਅਰਟੈੱਲ) ਲਈ ਮੌਕੇ ਵਧਣਗੇ। ਛੋਟੀਆਂ ਐਂਟਿਟੀਜ਼ ਲਈ ਈਜ਼ ਆਫ ਡੂਇੰਗ ਬਿਜ਼ਨੈੱਸ ਵਧੇਗਾ। ਪਰ ਲਾਜ਼ਮੀ ਕੰਟੈਂਟ ਅਤੇ ਰਿਪੋਰਟਿੰਗ ਵਧਾਉਣ ਨਾਲ ਖਰਚ ਵਧ ਸਕਦਾ ਹੈ।

ਅੱਜ ਡਿਜੀਟਲ ਤਬਦੀਲੀ ਟੈਰੈਸਟਰੀਅਲ ਅਤੇ ਆਈਪੀ ਆਧਾਰਿਤ ਟਰਾਂਸਮਿਸ਼ਨ ਨਾਲ ਬ੍ਰੌਡਕਾਸਟਿੰਗ ਡਿਜੀਟਲ ਯੁੱਗ ਵਿੱਚ ਤੇਜ਼ੀ ਨਾਲ ਬਦਲੇਗਾ, ਪਰ ਰੈਗੂਲੇਟਰੀ ਓਵਰਲੈਪ (ਟਰਾਈ, ਮੀਟੀ ਆਦਿ) ਉੱਤੇ ਧਿਆਨ ਦੇਣਾ ਪਵੇਗਾ। ਲੋਕ ਰੁਝਾਨ ਅਤੇ ਮੀਡੀਆ ਪ੍ਰਤੀਕ੍ਰਿਆਵਾਂ ਖਰੜਾ ਤਾਜ਼ਾ ਹੋਣ ਕਰਕੇ ਵਿਸਤ੍ਰਿਤ ਸਰਵੇਖਣ ਉਪਲਬਧ ਨਹੀਂ, ਪਰ ਉਦਯੋਗੀ ਪ੍ਰਤੀਕਰਿਆਵਾਂ ਤੋਂ ਪਤਾ ਲੱਗਦਾ ਹੈ ਕਿ ਇਸ ਨੂੰ ਆਮ ਤੌਰ 'ਤੇ ਸਕਾਰਾਤਮਕ ਵੇਖਿਆ ਜਾ ਰਿਹਾ ਹੈ। ਬੈਸਟ ਮੀਡੀਆ ਇਨਫੋ, ਮੀਡੀਆਨਾਮਾ, ਐਡਗੱਲੀ ਆਦਿ ਨੇ ਇਸ ਨੂੰ ਰੈਗੂਲੇਟਰੀ ਸਰਲੀਕਰਨ ਵਜੋਂ ਰਿਪੋਰਟ ਕੀਤਾ ਹੈ। IPTV ਲਈ ਬੈਰੀਅਰ ਘੱਟ ਹੋਣ ਤੇ ਉਦਯੋਗ ਖੁਸ਼ ਹੈ। ਅੱਜ ਕੁਝ ਚਿੰਤਾਵਾਂ ਵੀ ਹਨ ਜੋ ਪਬਲਿਕ ਸਰਵਿਸ ਲੋੜਾਂ ਨੂੰ ਓਵਰ-ਰੀਗੂਲੇਸ਼ਨ ਵਜੋਂ ਵੇਖਿਆ ਜਾ ਰਿਹਾ ਹੈ। ਐਡੀਟਰਜ਼ ਗਿਲਡ ਅਤੇ ਫਰੀਡਮ ਆਫ ਐਕਸਪ੍ਰੈਸ਼ਨ ਵਾਲੀਆਂ ਐੱਨਜੀਓਜ਼ ਇਸ ਨੂੰ ਪਿਛਲੀਆਂ ਚਰਚਾਵਾਂ (ਬ੍ਰੌਡਕਾਸਟਿੰਗ ਬਿਲ) ਨਾਲ ਜੋੜ ਰਹੀਆਂ ਹਨ। ਸੋਸ਼ਲ ਮੀਡੀਆ ਉੱਤੇ ਚਰਚਾ ਵਿੱਚ ਇੱਕ ਪਾਸੇ ਸਰਲੀਕਰਨ ਅਤੇ ਦੂਜੇ ਪਾਸੇ ਸੈਂਸਰਸ਼ਿਪ ਟੂਲ ਵਜੋਂ ਵੇਖਿਆ ਜਾ ਰਿਹਾ ਹੈ। ਲੋਕ ਰੁਝਾਨ ਵਿੱਚ ਡਿਜੀਟਲ ਗ੍ਰੋਥ ਅਤੇ ਲੋਕਲ ਕੰਟੈਂਟ ਨੂੰ ਸਮਰਥਨ ਹੈ, ਪਰ ਆਜ਼ਾਦੀ ਉੱਤੇ ਚਿੰਤਾ ਵੀ। ਪ੍ਰੈੱਸ ਫਰੀਡਮ ਇੰਡੈਕਸ ਵਿੱਚ ਭਾਰਤ ਦੀ ਰੈਂਕਿੰਗ ਪਹਿਲਾਂ ਹੀ ਘੱਟ ਹੈ ਅਤੇ ਇਸ ਤਰ੍ਹਾਂ ਦੀਆਂ ਰੂਲਜ਼ ਨਾਲ ਇਹ ਹੋਰ ਪ੍ਰਭਾਵਿਤ ਹੋ ਸਕਦੀ ਹੈ ਜੇਕਰ ਲਾਗੂ ਕਰਨ ਵਿੱਚ ਓਵਰ-ਰੀਚ ਹੋਇਆ ਹੈ ਤੇ ਸੰਭਾਵਿਤ ਪ੍ਰਭਾਵ ਅਤੇ ਚੁਣੌਤੀਆਂ ਸਕਾਰਾਤਮਕ ਰੈਗੂਲੇਸ਼ਨ ਨਾਲ ਇਨਵੈਸਟਮੈਂਟ ਵਧੇਗਾ।

IPTV ਅਤੇ ਡਿਜੀਟਲ ਡਿਸਟਰੀਬਿਊਸ਼ਨ ਵਧਾਵਾ। ਲੋਕਲ ਅਤੇ ਪਬਲਿਕ ਇੰਟਰੈਸਟ ਕੰਟੈਂਟ ਵਧਾਉਣ ਨਾਲ ਸਮਾਜਿਕ ਵਿਕਾਸ।

**ਈਜ਼ ਆਫ ਡੂਇੰਗ ਬਿਜ਼ਨੈੱਸ ਅਤੇ ਟੈਕਨਾਲੋਜੀ ਇਨੋਵੇਸ਼ਨ ਹੈ:** ਅੱਜ ਨਕਾਰਾਤਮਕ/ਚਿੰਤਾਵਾਂ ਵੀ ਹਨ । ਐਡੀਟੋਰੀਅਲ ਆਜ਼ਾਦੀ ਉੱਤੇ ਅਸਰ ਅਤੇ ਸੈਲਫ-ਸੈਂਸਰਸ਼ਿਪ ਅਤੇ ਛੋਟੀਆਂ ਐਂਟਿਟੀਜ਼ ਲਈ ਲਾਗਤ ਵਧਾਉਣ ਵਾਲੀਆਂ ਲੋੜਾਂ ਅਤੇ ਰੈਗੂਲੇਟਰੀ ਓਵਰਲੈਪ ਅਤੇ ਲਾਗੂਕਰਨ ਵਿੱਚ ਤਰੁੱਟੀਆਂ ਹਨ ਅਤੇ ਡਿਜੀਟਲ ਮੀਡੀਆ ਉੱਤੇ ਭਵਿੱਖ ਵਿੱਚ ਵਧਦਾ ਨਿਯੰਤਰਣ ਸਾਹਮਣੇ ਹੈ ।

ਇਸ ਖਰੜੇ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਸਤ੍ਰਿਤ ਸਲਾਹ-ਮਸ਼ਵਰਾ ਅਤੇ ਸਟੇਕਹੋਲਡਰ ਫੀਡਬੈਕ ਬਹੁਤ ਜ਼ਰੂਰੀ ਹੈ। ਇਸ ਨਾਲ ਭਾਰਤੀ ਮੀਡੀਆ ਲੈਂਡਸਕੇਪ ਆਧੁਨਿਕ ਬਣ ਸਕਦਾ ਹੈ, ਪਰ ਸੰਤੁਲਨ ਬਣਾਉਣਾ ਚਾਹੀਦਾ ਹੈ ਤਾਂ ਜੋ ਪ੍ਰੈੱਸ ਆਜ਼ਾਦੀ ਅਤੇ ਜਨਤਕ ਹਿੱਤ ਦੋਵੇਂ ਸੁਰੱਖਿਅਤ ਰਹਿਣ। ਇਹ ਤਬਦੀਲੀਆਂ ਭਾਰਤ ਨੂੰ ਡਿਜੀਟਲ ਭਾਰਤ ਅਤੇ ਵਿਕਸਿਤ ਭਾਰਤ ਦੇ ਟੀਚਿਆਂ ਵੱਲ ਲਿਜਾ ਸਕਦੀਆਂ ਹਨ, ਜੇਕਰ ਇਸ ਨੂੰ ਸੰਤੁਲਿਤ ਤਰੀਕੇ ਨਾਲ ਲਾਗੂ ਕੀਤਾ ਗਿਆ। ਉਦਯੋਗ ਅਤੇ ਨਾਗਰਿਕਾਂ ਨੂੰ ਆਪਣੇ ਵਿਚਾਰ 27 ਜੁਲਾਈ ਤੱਕ ਭੇਜ ਕੇ ਇਸ ਪ੍ਰਕਿਰਿਆ ਵਿੱਚ ਭਾਗ ਲੈਣਾ ਚਾਹੀਦਾ ਹੈ। ਇਸ ਨਾਲ ਇੱਕ ਵਧੇਰੇ ਵਿਕਸਿਤ, ਲੋਕ-ਕੇਂਦਰਿਤ ਅਤੇ ਆਧੁਨਿਕ ਪ੍ਰਸਾਰਣ ਵਿਵਸਥਾ ਉਭਰ ਸਕਦੀ ਹੈ।

# ਸਾਬਕਾ ਜਥੇਦਾਰ ਦੇ ਬਿਆਨ ਦੀਆਂ ਗੁੰਝਲਾਂ !



ਕਮਲਜੀਤ ਸਿੰਘ ਬਨਵੈਤ
98147 34035

ਬਦਕਿਸਮਤੀ ਨਾਲ ਕਹਿਣਾ ਬਣਦਾ ਹੈ ਕਿ ਪਿਛਲੇ ਸਮੇਂ ਦੌਰਾਨ ਪੰਥਕ ਸਿਆਸਤ ਵਿੱਚ ਬੜਾ ਕੁਝ ਅਜਿਹਾ ਵਾਪਰਿਆ ਹੈ, ਜਿਸ ਨਾਲ ਸਿੱਖਾਂ ਨੂੰ ਧੱਕਾ ਹੀ ਨਹੀਂ ਲੱਗਾ ਸਗੋਂ ਸਿਰ ਨੀਵਾਂ ਵੀ ਹੋਇਆ ਹੈ। ਸਿੱਖਾਂ ਦੇ ਤਖ਼ਤਾਂ ਦੇ ਜਥੇਦਾਰਾਂ ਦਾ ਵਕਾਰ ਹੇਠਾਂ ਡਿੱਗਿਆ ਹੈ, ਜਿਸ ਨਾਲ ਸਰਬ ਉੱਚ ਅਸਥਾਨ ਵੀ ਚਿੱਥੇ ਜਾਂਦੇ ਰਹੇ ਹਨ। ਇਹਨਾਂ ਸਰਬ ਉੱਚ ਅਸਥਾਨਾਂ ਦਾ ਰੈਪੂਟੇਸ਼ਨ ਕਾਫ਼ੀ ਹੱਦ ਤੱਕ ਜਥੇਦਾਰਾਂ ਨਾਲ ਜੁੜਿਆ ਹੋਇਆ ਹੈ। ਸਾਡੇ ਸਿਆਸੀ ਲੀਡਰਾਂ ਨੇ ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੇ ਹੱਥ ਵਿੱਚ ਫੜੇ ਰਿਮੋਟ ਕੰਟਰੋਲ ਨਾਲ ਜਿਵੇਂ ਗੇੜੀਆਂ ਦਿੱਤੀਆਂ ਹਨ, ਉਸ ਨਾਲ ਪੰਥ ਨੂੰ ਸ਼ਰਮਿੰਦਗੀ ਸਹਿਣੀ ਪਈ ਹੈ। ਸਿਆਸੀ ਲੀਡਰਾਂ ਤੋਂ ਬਾਅਦ ਸਰਕਾਰਾਂ ਦੇ ਵੀ ਹੀਆ ਖੁੱਲ ਗਏ। ਜਥੇਦਾਰਾਂ ਨੂੰ ਵਰਤਣ ਅਤੇ ਜ਼ਲੀਲ ਕਰਕੇ ਲਾਹੁਣ ਤੱਕ ਦੇ ਵਰਤਾਰਿਆਂ ਨੇ ਸਿੱਖਾਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਕਈ ਚਿਰ ਪਹਿਲਾਂ ਪਹਿਲਾਂ ਹੀ ਸਿਆਸੀ ਲੀਡਰਾਂ ਲਈ ਖਿਡੌਣਾ ਬਣ ਗਈ ਸੀ।

ਸ਼੍ਰੀ ਅਕਾਲ ਤਖ਼ਤ ਸਾਹਿਬ ਵਿੱਚ ਸਾਬਕਾ ਜਥੇਦਾਰ ਵੱਲੋਂ ਸਿੱਟ ਮੂਹਰੇ ਦਿੱਤੇ ਬਿਆਨਾਂ ਤੋਂ ਬਾਅਦ ਪੰਜਾਬ ਦੀ ਸਿਆਸਤ ਅਤੇ ਪੰਥ ਵਿੱਚ ਇੱਕ ਨਵੀਂ ਤਰ੍ਹਾਂ ਦੀ ਚਰਚਾ ਛਿੜ ਗਈ ਹੈ। ਸਿੱਖ ਪੰਥ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਵਾਪਰਿਆ ਹੋਵੇ। ਸਿੱਟ ਨੂੰ ਬਿਆਨ ਦੇਣ ਵਾਲੇ ਗਿਆਨੀ ਰਘਬੀਰ ਸਿੰਘ ਸ਼੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਦੇ ਅਹੁਦੇ 'ਤੇ ਵੀ ਸੁਸ਼ੋਭਿਤ ਰਹੇ ਹਨ। ਸਿੱਖ ਧਰਮ ਵਿੱਚ ਇਸ ਤੋਂ ਕੋਈ ਅਹੁਦਾ ਉੱਪਰ ਨਹੀਂ ਹੈ। ਉਨ੍ਹਾਂ ਨੇ ਸਿਟ ਮੂਹਰੇ ਇਹ ਖੁਲਾਸਾ ਕੀਤਾ ਹੈ ਕਿ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਰਿਹਾ ਹੈ, ਨੇ ਸ਼੍ਰੀ ਅਕਾਲ ਤਖ਼ਤ ਮੂਹਰੇ ਪੰਜ ਸਿੰਘ ਸਾਹਿਬਾਨ ਦੀ ਹਾਜ਼ਰੀ ਵਿੱਚ ਸਿਰ ਝੁਕਾ ਕੇ ਇਹ ਮੰਨਿਆ ਸੀ ਕਿ ਤਤਕਾਲੀ ਅਕਾਲੀ ਭਾਜਪਾ ਸਰਕਾਰ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਅਤੇ ਵਾਪਰੇ ਗੋਲੀ ਕਾਂਡ ਦੀ ਜ਼ਿੰਮੇਵਾਰੀ ਲਈ ਸੀ। ਪਤਾ ਲੱਗਾ ਹੈ ਕਿ ਸਿੱਟ ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਕਰਨ ਲਈ ਸਾਬਕਾ ਜਥੇਦਾਰ ਵੱਲੋਂ ਦਿੱਤੇ ਬਿਆਨਾਂ ਨੂੰ ਸਬੂਤਾਂ ਵਜੋਂ ਵਰਤਣ ਦਾ ਸਹਾਰਾ ਲਵੇਗੀ। ਸ਼ਾਇਦ ਸਾਬਕਾ ਜਥੇਦਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਉਨ੍ਹਾਂ ਨੂੰ ਅਹੁਦੇ ਤੋਂ ਪਾਸੇ ਕਰਨ ਦਾ ਬਦਲਾ ਲਿਆ ਹੋਵੇ। ਚੇਤੇ ਕਰਾਉਣਾ ਜ਼ਰੂਰੀ ਹੈ ਕਿ ਜਦੋਂ ਦੋ ਦਸੰਬਰ ਦੇ ਹੁਕਮਨਾਮੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਦੋਸ਼ੀ ਠਹਿਰਾ ਕੇ ਤਨਖ਼ਾਹ ਲਾਈ ਗਈ ਸੀ ਤਾਂ ਪੰਜ ਸਿੰਘ ਸਾਹਿਬਾਨ ਦੀ ਅਗਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈਸੀਅਤ ਵਿੱਚ ਗਿਆਨੀ ਰਘਬੀਰ ਸਿੰਘ ਨੇ ਕੀਤੀ ਸੀ। ਪੰਜ ਸਿੰਘ ਸਾਹਿਬਾਨ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੀ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਤਿੰਨੇ ਜਥੇਦਾਰਾਂ ਨੂੰ ਜਲੀਲ ਕਰਕੇ ਅਹੁਦੇ ਤੋਂ ਲਾਹਿਆ ਗਿਆ ਸੀ।

ਸਾਬਕਾ ਜਥੇਦਾਰ ਵੱਲੋਂ ਸਿੱਟ ਨੂੰ ਦਿੱਤੇ ਬਿਆਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਰਿਹਾ ਹੈ, ਦੀਆਂ ਮੁਸ਼ਕਲਾਂ ਵਿਸ਼ੇਸ਼ ਕਰਕੇ ਗ੍ਰਿਫਤਾਰੀ ਦੀ ਚਰਚਾ ਸ਼ੁਰੂ ਹੋ ਗਈ ਸੀ। ਸੁਖਬੀਰ ਸਿੰਘ ਬਾਦਲ ਨੇ ਤਾਂ ਸਿੱਟ ਮੂਹਰੇ ਖੁਦ ਹਾਜ਼ਰ ਹੋਣ ਦੀ ਪੇਸ਼ਕਸ਼ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਦੀ ਗ੍ਰਿਫਤਾਰੀ ਦੀ ਜਦੋਂ ਗੱਲ ਤੁਰੀ ਸੀ ਤਦ ਉਹ ਪੰਜਾਬ ਪੁਲਿਸ ਮੁਖੀ ਦੇ ਦਫ਼ਤਰ ਜਾ ਕੇ ਖ਼ੁਦ ਪੇਸ਼ ਹੋ ਗਏ ਸਨ।

ਹੁਣ ਇੱਥੇ ਸਵਾਲ ਉੱਠਦਾ ਹੈ ਕਿ ਸੁਖਬੀਰ ਸਿੰਘ ਦੀ ਗ੍ਰਿਫ਼ਤਾਰੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਗੋਲੀ ਕਾਂਡ ਵਿੱਚ ਗ੍ਰਿਫ਼ਤਾਰੀ ਲਈ ਜਥੇਦਾਰ ਦੇ ਬਿਆਨ ਕਾਫ਼ੀ ਹਨ। ਉਸ ਸੂਰਤ ਵਿੱਚ ਜਦੋਂ ਸੁਖਬੀਰ ਸਿੰਘ ਬਾਦਲ ਤਨਖ਼ਾਹ ਪੂਰੀ ਕਰਨ ਤੋਂ ਕੁਝ ਦਿਨ ਬਾਅਦ ਹੀ ਮੁਕਤਸਰ ਵਿਖੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਮੂਹਰੇ ਖੜ੍ਹ ਕੇ ਕਬੂਲ ਕੀਤੇ ਗੁਨਾਹਾਂ ਤੋਂ ਮੁੱਕਰ ਗਏ ਸਨ ਇਹ ਕਹਿੰਦਿਆਂ ਕਿ ਉਨ੍ਹਾਂ ਨੇ ਮਸਲਾ ਨਿਪਟਾਉਣ ਲਈ ਸਾਰੇ ਦੋਸ਼ ਆਪਣੀ ਝੋਲੀ ਪਵਾ ਲਏ ਸਨ। ਵੱਡੀ ਗੱਲ ਇਹ ਕਿ ਸੁਖਬੀਰ ਨੇ ਜਦੋਂ ਮੁਕਤਸਰ ਸਾਹਿਬ ਵਿਖੇ ਆਪਣੇ ਪਹਿਲੇ ਬਿਆਨਾਂ ਤੋਂ ਕਿਨਾਰਾ ਕੀਤਾ ਤਾਂ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਨ। ਉਹਨਾਂ ਨੇ ਮੁੱਕਰਣ ਦੇ ਦੋਸ਼ਾਂ ਵਿੱਚ ਸੁਖਬੀਰ ਨੂੰ ਤਲਬ ਕਿਉਂ ਨਹੀਂ ਕੀਤਾ ? ਅਦਾਲਤ ਵਿੱਚ ੀ ਬਚਾਅ ਧਿਰ ਕੋਲ ਇਹ ਕਾਫ਼ੀ ਠੋਸ ਦਲੀਲ ਹੋਵੇਗੀ।

ਇਸ ਤੋਂ ਵੀ ਅੱਗੇ ਚਲੇ ਜਾਈਏ ਤਾਂ ਇਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਜ਼ਿੰਮੇਵਾਰੀ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਿੱਤੀ ਗਈ ਹੈ। ਕੀ ਉਹ ਬਿਆਨਾਂ ਦੀ ਪੁਸ਼ਟੀ ਕਰਨ ਲਈ ਅਦਾਲਤ ਜਾਂ ਸਿੱਟ ਦੇ ਸੰਮਨ ਲੈ ਲੈਣਗੇ। ਇਸ ਤੋਂ ਵੀ ਪਹਿਲਾਂ ਇਹ ਕਿ ਉਹ ਦੁਨਿਆਵੀ ਅਦਾਲਤਾਂ ਵਿੱਚ ਪੇਸ਼ ਵੀ ਹੋਣਗੇ। ਕੀ ਜਥੇਦਾਰ ਨੂੰ ਤਲਬ ਕਰਨ ਨਾਲ ਸਿੱਟ ਜਾਂ ਅਦਾਲਤ ਦਾ ਪਾਸਾ ਪੁੱਠਾ ਤਾਂ ਨਹੀਂ ਪੈ ਜਾਂਦਾ।

ਇੱਕ ਹੋਰ ਪੱਖ ਇਹ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਰੋਸ ਵਜੋਂ ਪ੍ਰਦਰਸ਼ਨ ਕਰ ਰਹੀ ਸੰਗਤ ਉੱਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਕੇਸਾਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਚੰਡੀਗੜ੍ਹ ਹੋ ਰਹੀ ਹੈ। ਚੰਡੀਗੜ੍ਹ ਦੀ ਅਦਾਲਤ ਵਿੱਚ ਪੰਜਾਬ ਸਰਕਾਰ ਜਾਂ ਸਿੱਟ ਨੂੰ ਆਪਣਾ ਪੱਖ ਰੱਖਣ ਲਈ ਸਰਕਾਰੀ ਵਕੀਲਾਂ ਦੀ ਮਜ਼ਬੂਤ ਟੀਮ ਨਹੀਂ ਹੋਵੇਗੀ ਜਦੋਂ ਕਿ ਸੁਖਬੀਰ ਸਿੰਘ ਬਾਦਲ ਤਾਂ ਮੁਲਕ ਭਰ ਵਿੱਚੋਂ ਮਹਿੰਗੇ ਵਕੀਲ ਲਿਆ ਕੇ ਖੜ੍ਹੇ ਕਰ ਦੇਣਗੇ।

ਹੁਣ ਜਦੋਂ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ ਤਾਂ ਗਿਆਨੀ ਰਘਬੀਰ ਸਿੰਘ ਦੇ ਬਿਆਨਾਂ ਨੂੰ ਲੈ ਕੇ ਸਿੱਟ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫਤਾਰ ਕਰਨ ਲਈ ਪਹੁੰਚ ਜਾਵੇ, ਇਹ ਵੀ ਗੱਲ ਨਾ ਕਾਨੂੰਨਨ ਤੌਰ 'ਤੇ ਵਾਜਬ ਹੈ ਅਤੇ ਨਾ ਹੀ ਪੁਲਿਸ ਏਨਾ ਅਹਿਮਕਾਨਾ ਫੈਸਲਾ ਲੈਣ ਲਈ ਤਿਆਰ ਹੋਵੇਗੀ। ਸਰਕਾਰ ਨੇ ਸੁਖਬੀਰ ਸਿੰਘ ਬਾਦਲ ਨੂੰ ਜੇਲ੍ਹ ਦੇ ਪਿੱਛੇ ਡੱਕਣਾ ਹੋਇਆ ਤਾਂ ਹੋਰ ਬੜੇ ਸਾਰੇ ਰਸਤੇ ਹਨ। ਚਰਚਾ ਤਾਂ ਇਹ ਵੀ ਹੈ ਕਿ 328 ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਵੀ ਪੁਲਿਸ ਸੁਖਬੀਰ ਸਿੰਘ ਬਾਦਲ ਨੂੰ ਹੱਥ ਪਾਉਣਾ ਚਾਹੁੰਦੀ ਹੈ।

ਬਿਨਾਂ ਸ਼ੱਕ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਵੱਧ ਰਹੀਆਂ ਹਨ। ਇੱਕ ਪਾਸਿਓਂ ਨਹੀਂ ਉਹਨਾਂ ਨੂੰ ਕਈ ਪਾਸਿਆਂ ਤੋਂ ਘੇਰਿਆ ਜਾ ਰਿਹਾ ਹੈ। ਪੰਥਕ ਧਿਰਾਂ ਉਹਨਾਂ ਦੇ ਮਗਰ ਪਈਆਂ ਹੋਈਆਂ ਹਨ। ਸਿਆਸੀ ਪਾਰਟੀਆਂ ਉਹਨਾਂ ਨੂੰ ਠਿੱਬੀ ਲਾ ਕੇ ਮੂੰਹ ਪਰਨੇ ਸੁੱਟਣ ਦੀ ਤਾਕਤ ਵਿੱਚ ਹਨ। ਪਰ ਉਹ ਧੁੰਨ ਦੇ ਪੱਕੇ ਹਨ। ਸਹਿਜੇ ਕਿਤੇ ਕਾਨੂੰਨ ਦੇ ਸ਼ਿਕੰਜੇ ਵਿੱਚ ਫਸਣ ਵਾਲੇ ਨਹੀਂ। ਸਰਕਾਰ ਹੁੰਦਿਆਂ ਉਹਨਾਂ ਨੇ ਬੜਾ ਕੁਝ ਪੱਕੇ ਪੈਰੀ ਕੀਤਾ ਸੀ ਨਹੀਂ ਤਾਂ ਟਰਾਂਸਪੋਰਟ ਜਾਂ ਹੋਟਲ ਇੰਡਸਟਰੀ ਨੂੰ ਲੈ ਕੇ ਉਹਨਾਂ ਨੂੰ ਕਈ ਚਿਰ ਪਹਿਲਾਂ ਜੇਲ੍ਹ ਵਿੱਚ ਗੁੜ ਨਾਲ ਚਣੇ ਚਬਾ ਦਿੱਤੇ ਜਾਣੇ ਸਨ। ਇੱਕ ਗੱਲ ਜਿਹੜੀ ਹੋਰ ਵੀ ਚਰਚਾ ਵਿੱਚ ਹੈ ਉਹ ਇਹ ਕਿ ਸੁਖਬੀਰ ਸਿੰਘ ਬਾਦਲ ਨੂੰ ਹੱਥ ਪਾਉਣ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਕੇਂਦਰ ਵੱਲ ਜ਼ਰੂਰ ਤੱਕਣਾ ਪਵੇਗਾ। ਪੰਜਾਬ ਸਰਕਾਰ ਕੋਲ ਜੇ ਵਿਜੀਲੈਂਸ ਹੈ ਤਾਂ ਕੇਂਦਰ ਸਰਕਾਰ ਈਡੀ, ਸੀਬੀਆਈ ਅਤੇ ਏਆਈਐਨ ਲਈ ਬੈਠੀ ਹੈ। ਜ਼ਿਆਦਾਤਰ ਸੂਬਾ ਸਰਕਾਰਾਂ ਨੇ ਵੱਡੇ ਫੈਸਲੇ ਲੈਣ ਤੋਂ ਪਹਿਲਾਂ ਕੇਂਦਰ ਦਾ ਹਾਂ ਵਿੱਚ ਸਿਰ ਹਿੱਲਦਾ ਦੇਖਣਾ ਹੁੰਦਾ ਹੈ।



ਬਘੇਲ ਸਿੰਘ ਧਾਲੀਵਾਲ
99142-58142

# ਪੰਜਾਬ ਦੀ ਡੈਮੋਗਰਾਫੀ ਬਦਲਣ ਦੀ ਸਾਜ਼ਿਸ਼ 'ਤੇ ਪੰਜਾਬ ਦੇ ਸਿਆਸਤਦਾਨਾਂ ਦੀ ਚੁੱਪੀ ਬੇਹੱਦ ਖਤਰਨਾਕ

ਇਸ ਸਮੇਂ ਪੰਜਾਬ ਘੋਰ ਸੰਕਟਾਂ ਵਿੱਚੋਂ ਲੰਘ ਰਿਹਾ ਹੈ। ਇੱਕ ਨਹੀਂ ਅਨੇਕਾਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਪੰਜਾਬ ਅੱਜ ਸਿਰਫ਼ ਆਰਥਿਕ ਜਾਂ ਸਿਆਸੀ ਸੰਕਟਾਂ ਨਾਲ ਹੀ ਨਹੀਂ ਜੂਝ ਰਿਹਾ, ਸਗੋਂ ਇੱਕ ਅਜਿਹੀ ਗੰਭੀਰ ਸਮੱਸਿਆ ਵੀ ਦਰਪੇਸ਼ ਹੈ ਜਿਸ ਬਾਰੇ ਨਾ ਤਾਂ ਸੂਬਾ ਸਰਕਾਰ ਖੁੱਲ੍ਹ ਕੇ ਗੱਲ ਕਰਨ ਲਈ ਤਿਆਰ ਹੈ ਅਤੇ ਨਾ ਹੀ ਕੁੱਝ ਇੱਕ ਗਿਣੇ ਚੁਣੇ ਨੇਤਾਵਾਂ ਨੂੰ ਛੱਡ ਕੇ, ਰਾਜਨੀਤਕ ਪਾਰਟੀਆਂ ਦੇ ਪੰਜਾਬ ਦੇ ਆਗੂ ਆਪਣੀ ਜ਼ੁਬਾਨ ਖੋਲਦੇ ਹਨ। ਸਦੀਆਂ ਪੁਰਾਣਾ ਪੰਜਾਬ ਜਿਸਦੀ ਪਛਾਣ, ਅਣਖ ਗੈਰਤ ਸਾਰਾ ਕੁੱਝ ਦਾਅ 'ਤੇ ਲੱਗਾ ਹੋਇਆ ਹੈ। ਪੰਜਾਬ ਦੀ ਡੈਮੋਗਰਾਫੀ ਨੂੰ ਯੋਜਨਾਬੱਧ ਢੰਗ ਨਾਲ ਬਦਲਣ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ, ਪਰ ਪੰਜਾਬੀ ਇਸ ਪਾਸੇ ਤੋਂ ਅਸਲੋਂ ਹੀ ਅਵੇਸਲੇ ਹਨ। ਪੰਜਾਬ ਅੰਦਰ ਦਿਨੋਂ ਦਿਨ ਵਧ ਰਹੀ ਪ੍ਰਵਾਸੀਆਂ ਦੀ ਗਿਣਤੀ ਮਹਿਜ਼ ਮਜ਼ਦੂਰੀ ਦੀ ਲੋੜ ਜਾਂ ਆਰਥਿਕ ਮਜਬੂਰੀ ਦਾ ਮਸਲਾ ਨਹੀਂ, ਬਲਕਿ ਇਹ ਸਾਰਾ ਕੁੱਝ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ। ਪੰਜਾਬ ਅੰਦਰਲੇ ਕਾਰਖਾਨਿਆਂ ਫੈਕਟਰੀਆਂ ਵਿੱਚ ਵੱਡੀ ਗਿਣਤੀ ਵਿੱਚ ਪਹਿਲਾਂ ਹੀ ਪਰਵਾਸੀ ਮਜ਼ਦੂਰਾਂ ਦਾ ਬੋਲਬਾਲਾ ਹੈ ਜਦੋਂਕਿ ਹੋਰ ਵੀ ਵੱਡੀ ਗਿਣਤੀ ਵਿੱਚ ਪਰਵਾਸੀਆਂ ਨੂੰ ਪੰਜਾਬ ਦੇ ਕਾਰਖਾਨਿਆਂ, ਫੈਕਟਰੀਆਂ ਵਿੱਚ ਲਿਆ ਕੇ ਉਹਨਾਂ ਨੂੰ ਪੰਜਾਬ ਦੇ ਪੱਕੇ ਵਸਨੀਕ ਬਣਾ ਦਿੱਤਾ ਜਾਵੇਗਾ। ਇਹ ਪੰਜਾਬ ਦੀ ਪਛਾਣ, ਪੰਜਾਬੀ ਸਭਿਆਚਾਰ, ਸਿੱਖ ਕੌਮ ਦੇ ਭਵਿੱਖ ਅਤੇ ਪੰਜਾਬ ਦੀ ਹੋਂਦ 'ਤੇ ਵੱਡਾ ਹਮਲਾ ਹੋਵੇਗਾ, ਜਿਸਨੂੰ ਪੰਜਾਬੀਆਂ ਨੇ ਸਮਝਿਆ ਹੀ ਨਹੀਂ ਹੈ। ਇਹ ਕੋਈ ਲੁਕਿਆ ਹੋਇਆ ਨਹੀਂ ਕਿ ਭਾਰਤ ਨੂੰ ਲੁੱਟਣ ਅਤੇ ਜਿੱਤਣ ਲਈ ਆਉਣ ਵਾਲੇ ਬਾਹਰਲੇ ਹਮਲਾਵਰਾਂ, ਧਾੜਵੀਆਂ ਦਾ ਟਾਕਰਾ ਹਮੇਸ਼ਾ ਪੰਜਾਬ ਨਾਲ ਹੀ ਹੁੰਦਾ ਰਿਹਾ ਹੈ ਅਤੇ 1947 ਤੋਂ ਬਾਅਦ ਵੀ ਪੰਜਾਬ ਨੇ ਸਭ ਤੋਂ ਵੱਧ ਰਾਜਨੀਤਕ ਅਤੇ ਸੱਭਿਆਚਾਰਕ ਹਮਲੇ ਝੱਲੇ ਹਨ। ਪਹਿਲਾਂ ਪੰਜਾਬ ਦੀ ਵੰਡ ਕੀਤੀ ਗਈ, ਪੰਜਾਬ ਦੇ ਇੱਕ ਨਹੀਂ ਕਈ ਕਈ ਟੁਕੜੇ ਕੀਤੇ ਗਏ ਤਾਂ ਕਿ ਪੰਜਾਬ ਦੀ ਤਾਕਤ ਨੂੰ ਖੇਰੂੰ ਖੇਰੂੰ ਕਰਕੇ ਕਮਜ਼ੋਰ ਕੀਤਾ ਜਾ ਸਕੇ। ਫਿਰ ਪੰਜਾਬੀ ਸੂਬੇ ਦੀ ਮੰਗ ਲਈ ਲੰਮਾ ਸੰਘਰਸ਼ ਕਰਨਾ ਪਿਆ। ਉਸ ਤੋਂ ਬਾਅਦ ਪਾਣੀਆਂ ਦੀ ਲੁੱਟ, ਡੈਮਾਂ ਦੀ ਲੁੱਟ, ਚੰਡੀਗੜ੍ਹ ਦਾ ਮਸਲਾ, ਖੇਤੀਬਾੜੀ ਦੀ ਬਰਬਾਦੀ, ਧਰਤੀ ਨੂੰ ਜ਼ਹਿਰੀਲਾ ਕਰਕੇ ਬਿਮਾਰੀਆਂ ਦੀ ਭਰਮਾਰ, ਨਸ਼ਿਆਂ ਦੀ ਮਾਰ, ਉਦਯੋਗਾਂ ਦਾ ਪਲਾਇਨ ਅਤੇ ਹੁਣ ਡੈਮੋਗਰਾਫੀ ਨੂੰ ਅਸਲੋਂ ਬਦਲਣ ਦੀ ਸਾਜਿਸ਼ ਸਾਫ਼ ਨਜ਼ਰ ਆ ਰਹੀ ਹੈ। ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਕਿਸੇ ਵੀ ਕੌਮ ਨੂੰ ਖਤਮ ਕਰਨ ਲਈ ਸਿਰਫ਼ ਉਸਦੇ ਲੋਕਾਂ ਨੂੰ ਮਾਰਨਾ ਹੀ ਲਾਜ਼ਮੀ ਨਹੀਂ ਹੁੰਦਾ, ਕਈ ਵਾਰ ਉਸਨੂੰ ਆਪਣੇ ਹੀ ਖੇਤਰ ਵਿੱਚ ਘੱਟ ਗਿਣਤੀ ਬਣਾ ਦੇਣਾ ਵੀ ਉਸਦੀ ਕੌਮੀ ਤਾਕਤ ਨੂੰ ਖਤਮ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਬਣ ਜਾਂਦਾ ਹੈ। ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ ਪਿਛਲੇ ਤਿੰਨ ਕੁ ਦਹਾਕਿਆਂ ਵਿੱਚ ਬੇਹੱਦ ਤੇਜ਼ੀ ਨਾਲ ਵਧੀ ਹੈ। ਪਹਿਲਾਂ ਇਹ ਮਜ਼ਦੂਰਾਂ ਤੱਕ ਸੀਮਿਤ ਸੀ, ਜੋ ਖੇਤੀਬਾੜੀ ਜਾਂ ਇੱਟਾਂ ਦੇ ਭੱਠਿਆਂ ਉੱਤੇ ਕੰਮ ਕਰਨ ਲਈ ਆਉਂਦੇ ਸਨ। ਪਰ ਹੁਣ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਅੱਜ ਪੰਜਾਬ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਬਾਹਰਲੇ ਲੋਕ ਪੱਕੇ ਤੌਰ 'ਤੇ ਵੱਸ ਰਹੇ ਹਨ। ਉਹ ਜਾਇਦਾਦਾਂ ਖਰੀਦ ਰਹੇ ਹਨ, ਵਪਾਰਾਂ ਉੱਤੇ ਕਬਜ਼ਾ ਕਰ ਰਹੇ ਹਨ, ਵੋਟਰ ਬਣ ਰਹੇ ਹਨ ਅਤੇ ਪੰਜਾਬ ਦੇ ਮਹਾਨਗਰਾਂ ਦੇ ਇਰਦ ਗਿਰਦ ਰਾਜਨੀਤਕ ਪ੍ਰਭਾਵ ਵੀ ਸਥਾਪਿਤ ਕਰ ਰਹੇ ਹਨ। ਇਹ ਕੁਦਰਤੀ ਮਾਈਗ੍ਰੇਸ਼ਨ ਨਹੀਂ, ਸਗੋਂ ਇੱਕ ਅਜਿਹੀ ਸਾਜਿਸ਼ ਹੈ ਜਿਸ ਨਾਲ ਭਵਿੱਖ ਵਿੱਚ ਪੰਜਾਬ ਦੀ ਰਾਜਨੀਤਕ ਦਿਸ਼ਾ ਹੀ ਬਦਲ ਸਕਦੀ ਹੈ। ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਇਸ ਵਿਸ਼ੇ 'ਤੇ ਚੁੱਪ ਹਨ। ਜਿਹੜੇ ਕੁਝ ਨੇਤਾ ਪੰਜਾਬ ਦੀ ਡੈਮੋਗਰਾਫੀ ਬਦਲਣ ਦੇ ਖ਼ਤਰੇ ਬਾਰੇ ਗੱਲ ਕਰਦੇ ਹਨ, ਉਹਨਾਂ ਨੂੰ ਤੁਰੰਤ ਫਿਰਕੂ, ਨਫ਼ਰਤ ਫੈਲਾਉਣ ਵਾਲਾ ਜਾਂ ਵੱਖਵਾਦੀ ਸੋਚ ਵਾਲਾ ਕਰਾਰ ਦੇ ਦਿੱਤਾ ਜਾਂਦਾ ਹੈ। ਪਰ ਸਵਾਲ ਇਹ ਹੈ ਕਿ ਜੇਕਰ ਆਪਣੇ ਰਾਜ ਦੀ ਪਛਾਣ ਅਤੇ ਹੱਕਾਂ ਦੀ ਰੱਖਿਆ ਦੀ ਗੱਲ ਕਰਨਾ ਗਲਤ ਹੈ, ਤਾਂ ਫਿਰ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਦੇ ਪੁਰਾਣੇ ਕਾਨੂੰਨ, ਉੱਤਰ-ਪੂਰਬੀ ਰਾਜਾਂ ਜਾਂ ਰਾਜਸਥਾਨ ਦੇ ਕਈ ਖੇਤਰਾਂ ਵਿੱਚ ਬਾਹਰਲੇ ਲੋਕਾਂ ਲਈ ਜ਼ਮੀਨ ਖਰੀਦਣ 'ਤੇ ਪਾਬੰਦੀਆਂ ਕਿਉਂ ਹਨ ਕੀ ਉਹ ਸਾਰੇ ਸੂਬੇ ਗਲਤ ਹਨ ? ਜੇ ਉਹ ਆਪਣੇ ਲੋਕਾਂ ਦੇ ਹੱਕਾਂ ਦੀ ਰੱਖਿਆ ਲਈ ਕਾਨੂੰਨ ਬਣਾ ਸਕਦੇ ਹਨ ਤਾਂ ਪੰਜਾਬ ਕਿਉਂ ਨਹੀਂ ਬਣਾ ਸਕਦਾ ? ਅਸਲ ਵਿੱਚ ਪੰਜਾਬ ਦੀ ਸਿਆਸਤ ਕੇਂਦਰ ਦੀਆਂ ਘੂਰਕੀਆਂ ਤੋਂ ਡਰੀ ਹੋਈ ਹੈ। ਪੰਜਾਬ ਦੇ ਹਾਕਮਾਂ ਨੂੰ ਇਹ ਡਰ ਹੈ ਕਿ ਜੇ ਉਹ ਡੈਮੋਗਰਾਫੀ ਦੇ ਇਸ ਮਸਲੇ 'ਤੇ ਕੋਈ ਕਦਮ ਪੁੱਟਣਗੇ, ਤਾਂ ਉਨ੍ਹਾਂ ਦੀ ਕੁਰਸੀ ਨੂੰ ਖਤਰਾ ਹੋ ਸਕਦਾ ਹੈ। ਪਰ ਕੀ ਇੱਕ ਕੌਮ ਨੂੰ ਆਪਣੇ ਵਜੂਦ ਦੀ ਚਿੰਤਾ ਕਰਨ ਦਾ ਵੀ ਹੱਕ ਨਹੀਂ, ਕੀ ਪੰਜਾਬੀਆਂ ਨੂੰ ਆਪਣੇ ਸੂਬੇ ਦੇ ਭਵਿੱਖ ਬਾਰੇ ਸੋਚਣ ਦਾ ਅਧਿਕਾਰ ਨਹੀਂ ? ਅਜਿਹੇ ਅਨੇਕਾਂ ਸਵਾਲ ਉੱਤਰ ਦੀ ਉਡੀਕ ਵਿੱਚ ਹਨ। ਇਸ ਮਸਲੇ 'ਤੇ ਬਹੁਤ ਸਾਰੇ ਪੰਜਾਬੀ ਰਾਜਨੀਤਕਾਂ ਵੱਲੋਂ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਪੰਜਾਬੀ ਵੀ ਤਾਂ ਵਿਦੇਸ਼ਾਂ ਵਿੱਚ ਜਾਂਦੇ ਹਨ ਅਤੇ ਉਥੇ ਪੱਕੇ ਹੋ ਜਾਂਦੇ ਹਨ। ਪਰ ਇਹ ਦਲੀਲ ਅਧੂਰੀ ਅਤੇ ਭਰਮ ਪੈਦਾ ਕਰਨ ਵਾਲੀ ਹੈ। ਕੈਨੇਡਾ, ਅਮਰੀਕਾ, ਆਸਟਰੇਲੀਆ ਜਾਂ ਯੂਰਪ ਵਿੱਚ ਪੱਕੇ ਹੋਣ ਲਈ ਪੰਜਾਬੀਆਂ ਨੂੰ ਕਿੰਨੇ ਸਖ਼ਤ ਕਾਨੂੰਨਾਂ ਵਿਚੋਂ ਲੰਘਣਾ ਪੈਂਦਾ ਹੈ, ਇਹ ਸਭ ਨੂੰ ਪਤਾ ਹੈ। ਉਥੇ ਭਾਸ਼ਾ ਟੈਸਟ, ਸਿੱਖਿਆ ਦੀਆਂ ਯੋਗਤਾਵਾਂ, ਵਿੱਤੀ ਸਮਰੱਥਾ, ਇਮੀਗ੍ਰੇਸ਼ਨ ਕਾਨੂੰਨ ਅਤੇ ਸੁਰੱਖਿਆ ਜਾਂਚਾਂ ਹੁੰਦੀਆਂ ਹਨ। ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਹੀ ਕੋਈ ਵਿਅਕਤੀ ਉਥੇ ਪੱਕਾ ਹੋ ਸਕਦਾ ਹੈ। ਹਰ ਦੇਸ਼ ਦੇ ਅੰਦਰ ਸਭਿਆਚਾਰ ਅਤੇ ਆਰਥਿਕ ਹਿੱਤਾਂ ਨੂੰ ਅਣਗੌਲਿਆ ਨਹੀਂ ਕੀਤਾ ਜਾਂਦਾ। ਭਾਰਤ ਅੰਦਰ ਪੰਜਾਬ ਦੇ ਮੁੱਦੇ ਜਾਂ ਘੱਟ ਗਿਣਤੀਆਂ ਦੇ ਮਾਮਲੇ ਵਿੱਚ ਹਾਲਾਤ ਇਸ ਤੋਂ ਬਿਲਕੁਲ ਉਲਟ ਹਨ। ਖਾਸ ਕਰਕੇ ਪੰਜਾਬ ਅੰਦਰ ਕੋਈ ਯੋਜਨਾ ਨਹੀਂ, ਕੋਈ ਨੀਤੀ ਨਹੀਂ, ਕੋਈ ਡਾਟਾ ਨਹੀਂ ਅਤੇ ਕੋਈ ਨਿਗਰਾਨੀ ਨਹੀਂ, ਜਿਹੜਾ ਵੀ ਆ ਰਿਹਾ ਹੈ, ਉਹ ਆਸਾਨੀ ਨਾਲ ਵੱਸ ਰਿਹਾ ਹੈ। ਸਿਰਫ਼ ਮਜ਼ਦੂਰ ਹੀ ਨਹੀਂ, ਸਗੋਂ ਵੱਡੀਆਂ ਕਾਰਪੋਰੇਟ ਕੰਪਨੀਆਂ ਵੀ ਪੰਜਾਬ ਦੀ ਜ਼ਮੀਨ ਅਤੇ ਸਰੋਤਾਂ 'ਤੇ ਕਬਜ਼ਾ ਕਰ ਰਹੀਆਂ ਹਨ। ਕਿਸਾਨੀ ਪਹਿਲਾਂ ਹੀ ਕਰਜ਼ਿਆਂ ਅਤੇ ਘਾਟੇ ਨਾਲ ਤਬਾਹ ਹੋ ਚੁੱਕੀ ਹੈ। ਕਿਸਾਨ ਮਜਬੂਰੀ ਵਿੱਚ ਜ਼ਮੀਨਾਂ ਵੇਚ ਰਹੇ ਹਨ ਅਤੇ ਇਹ ਜ਼ਮੀਨਾਂ ਹੌਲੀ-ਹੌਲੀ ਕਾਰਪੋਰੇਟ ਘਰਾਣਿਆਂ ਜਾਂ ਬਾਹਰਲੇ ਪੂੰਜੀਪਤੀਆਂ ਦੇ ਹੱਥਾਂ ਵਿੱਚ ਜਾ ਰਹੀਆਂ ਹਨ। ਇਸ ਤਰ੍ਹਾਂ ਪੰਜਾਬ ਦਾ ਆਰਥਿਕ ਢਾਂਚਾ ਵੀ ਪੰਜਾਬੀਆਂ ਦੇ ਹੱਥਾਂ ਵਿਚੋਂ ਨਿਕਲਦਾ ਜਾ ਰਿਹਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਕਿਸੇ ਖੇਤਰ ਦੀ ਡੈਮੋਗਰਾਫੀ ਬਦਲਦੀ ਹੈ ਤਾਂ ਉਸਦੀ ਸਿਆਸਤ, ਸਭਿਆਚਾਰ ਵੀ ਬਦਲ ਜਾਂਦਾ ਹੈ। ਦੁਨੀਆ ਦੇ ਕਈ ਖੇਤਰਾਂ ਵਿੱਚ ਇਹ ਹੋਇਆ ਹੈ। ਅਸਾਮ ਵਿੱਚ ਵੀ ਬੇਤਹਾਸ਼ਾ ਪ੍ਰਵਾਸ ਨੇ ਇੱਕ ਵੱਡਾ ਸੰਕਟ ਖੜ੍ਹਾ ਕੀਤਾ ਸੀ, ਜਿਸ ਕਰਕੇ ਉਥੇ ਲੰਮਾ ਅੰਦੋਲਨ ਹੋਇਆ। ਤ੍ਰਿਪੁਰਾ ਵਿੱਚ ਮੂਲ ਨਿਵਾਸੀ ਆਪਣੀ ਹੀ ਧਰਤੀ 'ਤੇ ਘੱਟ ਗਿਣਤੀ ਬਣ ਗਏ। ਕਸ਼ਮੀਰ ਦੀ ਰਾਜਨੀਤੀ ਵਿੱਚ ਡੈਮੋਗਰਾਫੀ ਦਾ ਸਵਾਲ ਹਮੇਸ਼ਾ ਕੇਂਦਰੀ ਮੁੱਦਾ ਰਿਹਾ। ਜਦੋਂ ਮੁਲਕ ਦੇ ਹੋਰ ਖੇਤਰ ਆਪਣੀ ਪਛਾਣ ਦੀ ਰੱਖਿਆ ਲਈ ਕਾਨੂੰਨ ਬਣਾ ਸਕਦੇ ਹਨ ਤਾਂ ਪੰਜਾਬ ਨੂੰ ਆਪਣੇ ਹੱਕਾਂ ਦੀ ਗੱਲ ਕਰਨ ਤੋਂ ਰੋਕ ਕੇ ਕਿਹੜੀ ਲੋਕਤੰਤਰਿਕ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ? ਸਿੱਖ ਕੌਮ ਲਈ ਇਹ ਮਸਲਾ ਹੋਰ ਵੀ ਗੰਭੀਰ ਹੈ। ਸਿੱਖਾਂ ਦੀ ਗਿਣਤੀ ਪਹਿਲਾਂ ਹੀ ਭਾਰਤ ਵਿੱਚ ਘੱਟ ਹੈ ਅਤੇ ਪੰਜਾਬ ਹੀ ਉਹ ਇਕੱਲਾ ਖੇਤਰ ਹੈ ਜਿੱਥੇ ਸਿੱਖ ਸੰਖਿਆਤਮਕ ਤੌਰ 'ਤੇ ਪ੍ਰਭਾਵਸ਼ਾਲੀ ਹਨ। ਜੇਕਰ ਪੰਜਾਬ ਦੀ ਡੈਮੋਗਰਾਫੀ ਇਸੇ ਤਰ੍ਹਾਂ ਬਦਲਦੀ ਰਹੀ ਤਾਂ ਭਵਿੱਖ ਵਿੱਚ ਸਿੱਖ ਆਪਣੇ ਹੀ ਇਤਿਹਾਸਕ ਖੇਤਰ ਵਿੱਚ ਰਾਜਨੀਤਕ ਅਤੇ ਸੱਭਿਆਚਾਰਕ ਤੌਰ 'ਤੇ ਬੇਹੱਦ ਕਮਜ਼ੋਰ ਹੋ ਜਾਣਗੇ। ਫਿਰ ਪੰਜਾਬ ਦੇ ਪਾਣੀਆਂ, ਜ਼ਮੀਨਾਂ, ਭਾਸ਼ਾ ਅਤੇ ਧਾਰਮਿਕ ਹੱਕਾਂ ਦੀ ਲੜਾਈ ਸੁਪਨਾ ਬਣਕੇ ਰਹਿ ਜਾਵੇਗੀ। ਇਸ ਗੱਲ ਨੂੰ ਸਮਝਣਾ ਲਾਜ਼ਮੀ ਹੈ ਕਿ ਜਦੋਂ ਕਿਸੇ ਕੌਮ ਦੀ ਗਿਣਤੀ ਘਟਦੀ ਹੈ ਤਾਂ ਉਸਦੀ ਰਾਜਨੀਤਕ ਆਵਾਜ਼ ਵੀ ਕਮਜ਼ੋਰ ਹੋ ਜਾਂਦੀ ਹੈ। ਇਹ ਵੀ ਸੱਚ ਹੈ ਕਿ ਪੰਜਾਬ ਅੰਦਰ ਵੱਡੇ ਪੱਧਰ 'ਤੇ ਹੋ ਰਹੀ ਪ੍ਰਵਾਸੀ ਆਬਾਦੀ ਦੀ ਆਮਦ ਨੇ ਮਜ਼ਦੂਰੀ ਦੀ ਸਸਤੀ ਪ੍ਰਥਾ ਨੂੰ ਵਧਾਇਆ ਹੈ, ਜਿਸ ਨਾਲ ਪੰਜਾਬੀ ਨੌਜਵਾਨ ਬੇਰੁਜ਼ਗਾਰ ਹੋਏ ਹਨ। ਜਦੋਂ ਉਦਯੋਗਪਤੀ ਗੈਰ ਪੰਜਾਬੀ, ਸਸਤੇ ਮਜ਼ਦੂਰ ਲੈ ਆਉਂਦੇ ਹਨ ਤਾਂ ਸੁਭਾਵਿਕ ਹੈ ਕਿ ਪੰਜਾਬੀਆਂ ਨੂੰ ਰੋਜ਼ਗਾਰ ਦੇ ਮੌਕੇ ਘੱਟ ਮਿਲਣਗੇ ਅਤੇ ਜਦੋ ਨੌਜੁਆਨੀ ਬੇਰੋਜ਼ਗਾਰ ਹੋਵੇਗੀ ਤਾਂ ਉਹਨਾਂ ਨੂੰ ਨਸ਼ਿਆਂ ਵੱਲ ਧੱਕਣਾ ਸੁਖਾਲਾ ਹੋ ਜਾਂਦਾ ਹੈ। ਉਪਰੋਂ ਕੇਂਦਰ ਦੇ ਸਖਤ ਕਨੂੰਨਾਂ ਦਾ ਡਰ ਉਹਨਾਂ ਨੂੰ ਵਿਦੇਸ਼ਾਂ ਵੱਲ ਭੱਜਣ ਲਈ ਮਜਬੂਰ ਕਰ ਦਿੰਦਾ ਹੈ। ਇਹ ਇੱਕ ਐਸਾ ਚੱਕਰ ਬਣ ਗਿਆ ਹੈ ਜਿਸ ਵਿੱਚ ਪੰਜਾਬ ਖਾਲੀ ਹੁੰਦਾ ਜਾ ਰਿਹਾ ਹੈ ਅਤੇ ਬਾਹਰਲੇ ਲੋਕ ਵੱਸਦੇ ਜਾ ਰਹੇ ਹਨ। ਪੰਜਾਬ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਇੱਥੇ ਦੇ ਸਿਆਸੀ ਲੋਕਾਂ ਨੂੰ ਆਪਣੀ ਸਮੱਸਿਆ 'ਤੇ ਗੱਲ ਕਰਨ ਤੋਂ ਡਰਾਇਆ ਜਾਂਦਾ ਹੈ। ਜਿਹੜਾ ਵੀ ਪੰਜਾਬ ਦੀ ਡੈਮੋਗਰਾਫੀ ਦੀ ਗੱਲ ਕਰੇ, ਉਸਨੂੰ ਤੁਰੰਤ ਕੱਟੜਪੰਥੀ ਕਰਾਰ ਦੇ ਦਿੱਤਾ ਜਾਂਦਾ ਹੈ। ਪਰ ਇਹ ਮਸਲਾ ਕਿਸੇ ਜਾਤ ਜਾਂ ਧਰਮ ਵਿਰੁੱਧ ਨਹੀਂ, ਸਗੋਂ ਪੰਜਾਬ ਦੇ ਸਵੈਮਾਣ, ਨਾਲ ਜੁੜਿਆ ਹੋਇਆ ਹੈ। ਹਰ ਕੌਮ ਨੂੰ ਆਪਣੇ ਖੇਤਰ, ਆਪਣੀ ਭਾਸ਼ਾ ਅਤੇ ਆਪਣੀ ਸਭਿਆਚਾਰਕ ਪਛਾਣ ਦੀ ਰੱਖਿਆ ਕਰਨ ਦਾ ਹੱਕ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਬੁੱਧੀਜੀਵੀ, ਕਿਸਾਨ ਜਥੇਬੰਦੀਆਂ, ਵਿਦਿਆਰਥੀ ਸੰਸਥਾਵਾਂ, ਧਾਰਮਿਕ ਆਗੂ ਅਤੇ ਸਮੂਹ ਪੰਜਾਬੀ ਇਕੱਠੇ ਹੋ ਕੇ ਇਸ ਮਸਲੇ 'ਤੇ ਗੰਭੀਰ ਵਿਚਾਰ ਹੀ ਨਾ ਕਰਨ, ਬਲਕਿ ਲਾਮਬੰਦੀ ਕਰਨ। ਪੰਜਾਬ ਵਿੱਚ ਜ਼ਮੀਨ ਖਰੀਦਣ ਸਬੰਧੀ ਨਿਯਮ ਬਣਾਉਣ ਦੀ ਲੋੜ ਹੈ। ਰੋਜ਼ਗਾਰ ਵਿੱਚ ਸਥਾਨਕ ਲੋਕਾਂ ਨੂੰ ਤਰਜੀਹ ਦੇਣ ਵਾਲੇ ਕਾਨੂੰਨ ਬਣਨੇ ਚਾਹੀਦੇ ਹਨ। ਪੰਜਾਬ ਦੀ ਜਨਗਣਨਾ ਅਤੇ ਡੈਮੋਗਰਾਫੀ ਸਬੰਧੀ ਪੂਰਾ ਡਾਟਾ ਜਨਤਕ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਸਰੋਤਾਂ ਅਤੇ ਜ਼ਮੀਨਾਂ ਦੀ ਰੱਖਿਆ ਲਈ ਵਿਸ਼ੇਸ਼ ਨੀਤੀਆਂ ਲਾਗੂ ਹੋਣੀਆਂ ਚਾਹੀਦੀਆਂ ਹਨ। ਜੇ ਅੱਜ ਵੀ ਪੰਜਾਬੀ ਨਾ ਜਾਗੇ ਤਾਂ ਕੱਲ੍ਹ ਬਹੁਤ ਦੇਰ ਹੋ ਜਾਵੇਗੀ। ਪੰਜਾਬ ਨੂੰ ਅੱਜ ਸਭ ਤੋਂ ਵੱਧ ਜਾਗਰੂਕ ਕੌਮੀ ਸੋਚ ਦੀ ਲੋੜ ਹੈ, ਜੋ ਪਾਰਟੀਆਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਵਿੱਖ ਬਾਰੇ ਸੋਚ ਸਕੇ। ਸੂਬਾ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਬੁਲਾ ਕੇ ਇਸ ਗੰਭੀਰ ਵਿਸ਼ੇ 'ਤੇ ਚਰਚਾ ਕਰਨ ਦੀ ਲੋੜ ਹੈ ਅਤੇ ਬਿਨਾ ਦੇਰੀ ਬਿਨਾ ਡਰੇ ਆਪਣੇ ਲੋਕਾਂ ਲਈ ਆਪਣੇ ਪੰਜਾਬ ਲਈ ਅਜਿਹਾ ਕਨੂੰਨ ਬਣਾ ਦੇਣਾ ਚਾਹੀਦਾ ਹੈ, ਜਿਸ ਨਾਲ ਪੰਜਾਬ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਫੇਲ੍ਹ ਹੋ ਸਕਣ। ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਸਰਕਾਰ ਨੂੰ ਕਨੂੰਨ ਬਣਾਉਣ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ, ਜੇਕਰ ਸੂਬਾ ਸਰਕਾਰ ਅਜਿਹਾ ਕਨੂੰਨ ਬਣਾਉਣ ਤੋਂ ਨਾਹ ਨੁਕਰ ਕਰਦੀ ਹੈ ਤਾਂ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਇਹ ਧਰਤੀ ਗੁਰੂਆਂ, ਸ਼ਹੀਦਾਂ ਅਤੇ ਸੰਘਰਸ਼ਾਂ ਦੀ ਧਰਤੀ ਹੈ। ਇਸ ਧਰਤੀ ਨੇ ਹਮੇਸ਼ਾ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੈ। ਇਸ ਲਈ ਅੱਜ ਵੀ ਲੋੜ ਹੈ ਕਿ ਪੰਜਾਬੀ ਆਪਣੀ ਮਿੱਟੀ, ਆਪਣੀ ਗੈਰਤ,ਆਪਣੀ ਪਛਾਣ ਅਤੇ ਆਪਣੇ ਸਵੈਮਾਣ ਦੀ ਰੱਖਿਆ ਲਈ ਇੱਕ ਮਜ਼ਬੂਤ ਜਨ ਅੰਦੋਲਨ ਖੜ੍ਹਾ ਕਰਨ, ਇਹ ਨਾ ਹੋਵੇ ਦੇਰ ਹੋ ਜਾਵੇ।

# ਜਾਰਜੀਆ ਤੋਂ ਗੈਂਗਸਟਰ ਵੈਂਕਟ ਗਰਗ ਦੀ ਹਵਾਲਗੀ, ਐਸ.ਟੀ. ਐਫ. ਹਰਿਆਣਾ ਦੀ ਵੱਡੀ ਸਫਲਤਾ

ਜਗਾਧਰੀ / ਯਮੁਨਾਨਗਰ, 12 ਜੂਨ (ਪ੍ਰਤੀਨਿਧੀ) : ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਹਰਿਆਣਾ ਨੇ ਇੱਕ ਵੱਡੀ ਅੰਤਰਰਾਸ਼ਟਰੀ ਕਾਰਵਾਈ ਨੂੰ ਅੰਜਾਮ ਦਿੰਦਿਆਂ ਗੈਂਗਸਟਰ ਵੈਂਕਟ ਗਰਗ ਨੂੰ ਜਾਰਜੀਆ ਤੋਂ ਭਾਰਤ ਹਵਾਲੇ ਕਰਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। 11 ਜੂਨ 2026 ਨੂੰ ਹੋਈ ਇਹ ਹਵਾਲਗੀ ਜਾਰਜੀਆ ਤੋਂ ਭਾਰਤ ਲਈ ਪਹਿਲੀ ਹਵਾਲਗੀ ਮੰਨੀ ਜਾ ਰਹੀ ਹੈ ਅਤੇ ਸਾਲ 2026 ਦੌਰਾਨ ਐਸਟੀਐਫ ਹਰਿਆਣਾ ਵੱਲੋਂ ਕਰਵਾਈ ਗਈ 10ਵੀਂ ਹਵਾਲਗੀ ਜਾਂ ਦੇਸ਼ ਨਿਕਾਲੇ ਦੀ ਕਾਰਵਾਈ ਹੈ।



ਐਸਟੀਐਫ ਅਨੁਸਾਰ ਵੈਂਕਟ ਗਰਗ (29) ਅੰਬਾਲਾ ਜ਼ਿਲ੍ਹੇ ਦੇ ਨਾਰਾਇਣਗੜ੍ਹ ਦਾ ਰਹਿਣ ਵਾਲਾ ਹੈ ਅਤੇ ਲਗਭਗ 53 ਮੈਂਬਰਾਂ ਵਾਲੇ ਵੈਂਕਟ ਗਰਗ ਗੈਂਗ ਦਾ ਮੁਖੀ ਹੈ। ਇਹ ਗਿਰੋਹ ਅੰਬਾਲਾ, ਯਮੁਨਾਨਗਰ, ਕੁਰੂਕਸ਼ੇਤਰ, ਪੰਚਕੂਲਾ ਅਤੇ ਚੰਡੀਗੜ੍ਹ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਜਬਰੀ ਵਸੂਲੀ, ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਵਰਤੋਂ ਵਰਗੀਆਂ ਗੰਭੀਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ। ਪੁਲਿਸ ਰਿਕਾਰਡ ਅਨੁਸਾਰ ਵੈਂਕਟ ਗਰਗ ਖ਼ਿਲਾਫ਼ ਹਰਿਆਣਾ ਅਤੇ ਚੰਡੀਗੜ੍ਹ ਵਿੱਚ ਕੁੱਲ 34 ਅਪਰਾਧਿਕ ਮਾਮਲੇ ਦਰਜ ਹਨ। ਭਾਰਤ ਤੋਂ ਫਰਾਰ ਹੋਣ ਤੋਂ ਪਹਿਲਾਂ ਉਸ ਦੇ ਖ਼ਿਲਾਫ਼ 23 ਕੇਸ ਦਰਜ ਸਨ, ਜਦਕਿ ਵਿਦੇਸ਼ ਵਿੱਚ ਰਹਿੰਦਿਆਂ ਵੀ ਉਸ ਨੇ ਆਪਣੇ ਸਾਥੀਆਂ ਰਾਹੀਂ ਅਪਰਾਧਿਕ ਨੈੱਟਵਰਕ ਚਲਾਇਆ, ਜਿਸ ਕਾਰਨ ਉਸ ਖ਼ਿਲਾਫ਼ 11 ਹੋਰ ਮਾਮਲੇ ਦਰਜ ਹੋਏ।

ਐਸਟੀਐਫ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਵੈਂਕਟ ਗਰਗ 10 ਦਸੰਬਰ 2024 ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਏਈ ਭੱਜ ਗਿਆ ਸੀ ਅਤੇ 26 ਜਨਵਰੀ 2025 ਨੂੰ ਜਾਰਜੀਆ ਪਹੁੰਚ ਗਿਆ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਸ ਨੇ ਗੁਰੂਗ੍ਰਾਮ ਦਾ ਝੂਠਾ ਪਤਾ ਦਰਜ ਕਰਵਾ ਕੇ ਧੋਖਾਧੜੀ ਨਾਲ ਪਾਸਪੋਰਟ ਹਾਸਲ ਕੀਤਾ ਸੀ।

ਇਸ ਮਾਮਲੇ ਵਿੱਚ ਨਾਰਾਇਣਗੜ੍ਹ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ ਅਤੇ ਐਸਟੀਐਫ ਦੀ ਸਿਫ਼ਾਰਸ਼ 'ਤੇ 4 ਫਰਵਰੀ 2025 ਨੂੰ ਉਸ ਦਾ ਪਾਸਪੋਰਟ ਰੱਦ ਕਰ ਦਿੱਤਾ ਗਿਆ ਸੀ। ਭਗੌੜੇ ਦੀ ਗ੍ਰਿਫ਼ਤਾਰੀ ਲਈ ਐਸਟੀਐਫ ਨੇ ਲੁੱਕ ਆਊਟ ਸਰਕੂਲਰ (LOC), ਇੰਟਰਪੋਲ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਇਆ, ਉਸ ਨੂੰ ਭਗੌੜਾ ਅਪਰਾਧੀ ਘੋਸ਼ਿਤ ਕਰਵਾਇਆ ਅਤੇ ਅਦਾਲਤਾਂ ਤੋਂ ਛੇ ਖੁੱਲ੍ਹੇ ਗ੍ਰਿਫ਼ਤਾਰੀ ਵਾਰੰਟ ਪ੍ਰਾਪਤ ਕੀਤੇ। ਅੰਤਰਰਾਸ਼ਟਰੀ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਜਾਰਜੀਆ ਵਿੱਚ ਉਸ ਦੀ ਮੌਜੂਦਗੀ ਦੀ ਪੁਸ਼ਟੀ ਹੋਣ ਤੋਂ ਬਾਅਦ ਹਵਾਲਗੀ ਦੀ ਕਾਰਵਾਈ ਸ਼ੁਰੂ ਕੀਤੀ ਗਈ।

ਐਸਟੀਐਫ ਹਰਿਆਣਾ ਨੇ ਇਸ ਸਫਲਤਾ ਦਾ ਸਿਹਰਾ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ, ਰਾਸ਼ਟਰੀ ਕੇਂਦਰੀ ਬਿਊਰੋ (ਐਨਸੀਬੀ), ਸੀਬੀਆਈ, ਜਾਰਜੀਆ ਅਤੇ ਕਜ਼ਾਕਿਸਤਾਨ ਵਿੱਚ ਭਾਰਤੀ ਦੂਤਾਵਾਸਾਂ ਅਤੇ ਜਾਰਜੀਆ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨੂੰ ਦਿੱਤਾ ਹੈ। ਅੰਬਾਲਾ ਪੁਲਿਸ ਅਤੇ ਉਸ ਦੀ ਟੀਮ ਦੇ ਯਤਨਾਂ ਦੀ ਵੀ ਵਿਸ਼ੇਸ਼ ਸਰਾਹਨਾ ਕੀਤੀ ਗਈ। ਐਸਟੀਐਫ ਹਰਿਆਣਾ ਨੇ ਕਿਹਾ ਕਿ ਵੈਂਕਟ ਗਰਗ ਦੀ ਹਵਾਲਗੀ ਸੰਗਠਿਤ ਅਪਰਾਧ ਅਤੇ ਭਗੌੜੇ ਅਪਰਾਧੀਆਂ ਖ਼ਿਲਾਫ਼ ਚੱਲ ਰਹੀ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਭਵਿੱਖ ਵਿੱਚ ਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਏਜੰਸੀਆਂ ਨਾਲ ਮਿਲ ਕੇ ਅਜਿਹੇ ਅਪਰਾਧੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਉਣ ਲਈ ਕਾਰਵਾਈ ਜਾਰੀ ਰਹੇਗੀ।

# ਜਨਤਾ ਲਈ ਦਫ਼ਤਰ ਅਤੇ ਆਵਾਸ ਚੌਵੀ ਘੰਟੇ ਖੁੱਲ੍ਹੇ- ਮੁੱਖ ਮੰਤਰੀ

**➢ ਸਮਾਜ ਅਤੇ ਰਾਸ਼ਟਰ ਨੂੰ ਮਜ਼ਬੂਤ ਬਣਾਉਣ ਲਈ ਮਿਲ ਕੇ ਕੰਮ ਕਰੋ ➢ ਆਪ ਪਾਰਟੀ ਨੇ ਲੋਕਾਂ ਨੂੰ ਝੂਠ ਬੋਲ ਕੇ ਗੁੰਮਰਾਹ ਕਰਨ ਦਾ ਕੰਮ ਕੀਤਾ - ਨਾਇਬ ਸਿੰਘ ਸੈਣੀ**

ਪੰਚਕੂਲਾ, 12 ਜੂਨ (ਅੰਮ੍ਰਿਤਪਾਲ ਸਿੰਘ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਨਤਾ ਲਈ ਮੁੱਖ ਮੰਤਰੀ ਦਾ ਦਫ਼ਤਰ ਅਤੇ ਆਵਾਸ ਚੌਵੀ ਘੰਟੇ ਖੁੱਲ੍ਹੇ ਰਹਿੰਦੇ ਹਨ। ਸਮਾਜ ਭਲਾਈ ਅਤੇ ਅਧਿਕਾਰਾਂ ਦੀ ਰੱਖਿਆ ਲਈ, ਨੀਤੀਗਤ ਜਾਂ ਨਿੱਜੀ ਤੌਰ 'ਤੇ ਕਾਰਜ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।



ਮੁੱਖ ਮੰਤਰੀ ਸ਼ੁੱਕਰਵਾਰ ਨੂੰ ਪੰਜਾਬ ਦੇ ਰਾਜਪੁਰਾ ਵਿੱਚ ਸੈਣੀ ਸਮਾਜ ਵੈਲਫੇਅਰ ਕਮੇਟੀ ਵੱਲੋਂ ਆਯੋਜਿਤ ਸੈਣੀ ਮਹਾਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਕਮੇਟੀ ਵੱਲੋਂ ਮੁੱਖ ਮੰਤਰੀ ਦਾ ਸ਼ਾਨਦਾਰ ਸਵਾਗਤ ਅਤੇ ਅਭਿਨੰਦਨ ਕੀਤਾ ਗਿਆ। ਮੁੱਖ ਮੰਤਰੀ ਨੇ ਕਈ ਸਮਾਜਿਕ ਕਾਰਕਰਤਾਵਾਂ ਨੂੰ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਰਾਜਪੁਰਾ ਦੀ ਇਸ ਵੀਰ, ਪਵਿੱਤਰ ਅਤੇ ਇਤਿਹਾਸਕ ਧਰਤੀ 'ਤੇ ਸੈਣੀ ਸਮਾਜ ਦੇ ਇਸ ਵਿਸ਼ਾਲ ਮਹਾਸੰਮੇਲਨ ਵਿੱਚ ਆ ਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਨੇ ਸੰਮੇਲਨ ਦੇ ਸਫਲ ਆਯੋਜਨ ਲਈ ਵੈਲਫੇਅਰ ਕਮੇਟੀ ਦੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇੱਥੇ ਆਉਣ 'ਤੇ ਉਨ੍ਹਾਂ ਦਾ ਗਲਾ ਭਰੋਸੇ ਨਾਲ ਭਰ ਗਿਆ ਹੈ, ਜਿਸ ਜਾਗਰੂਕ ਅਤੇ ਸੰਗਠਿਤ ਸਮਾਜ ਨੇ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਮਾਜ ਅਤੇ ਰਾਸ਼ਟਰ ਨੂੰ ਮਜ਼ਬੂਤ ਬਣਾਉਣ ਲਈ ਸਾਰੇ ਮਿਲ ਕੇ ਕਾਰਜ ਕਰਨ, ਤਾਂ ਹੀ ਪੰਜਾਬ ਨੂੰ ਵੀ ਅਮੀਰ ਅਤੇ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਸਮਾਜ ਦੇ ਹੱਕਾਂ ਦੀ ਰੱਖਿਆ ਲਈ ਜ਼ੋਰਦਾਰ ਪੈਰਵੀ ਕੀਤੀ ਜਾਵੇਗੀ। ਸੈਣੀ ਸਮਾਜ ਨੂੰ ਹੁਣ ਮੂਕ ਦਰਸ਼ਕ ਜਾਂ ਸਮਰਥਕ ਬਣ ਕੇ ਨਹੀਂ ਰਹਿਣਾ ਹੈ, ਸਗੋਂ ਰਾਜਨੀਤਿਕ ਖੇਤਰ ਵਿੱਚ ਮੋਹਰੀ ਅਤੇ ਫੈਸਲਾਕੁੰਨ ਭੂਮਿਕਾ ਨਿਭਾਉਣੀ ਹੋਵੇਗੀ। ਪੰਚਾਇਤ ਤੋਂ ਲੈ ਕੇ ਵਿਧਾਨ ਸਭਾ ਅਤੇ ਸੰਸਦ ਤੱਕ ਸਮਾਜ ਦੀ ਮਜ਼ਬੂਤ ਅਤੇ ਗੂੰਜਦੀ ਹੋਈ ਭਾਗੀਦਾਰੀ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਚੋਣਾਂ ਵਿੱਚ ਆਪ ਪਾਰਟੀ ਨੇ ਕਈ ਵਾਅਦੇ ਕਰਕੇ ਪੰਜਾਬ ਦੇ ਲੋਕਾਂ ਨੂੰ ਝੂਠ ਬੋਲ ਕੇ ਗੁੰਮਰਾਹ ਕਰਨ ਦਾ ਕੰਮ ਕੀਤਾ। ਅੱਜ ਜਨਤਾ ਖੁਦ ਨੂੰ ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹੜ੍ਹਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨਾਂ ਨੂੰ 20 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ, ਜਦੋਂ ਕਿ ਆਪ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਗੁਜਰਾਤ ਵਿੱਚ 50 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ ਸੀ। ਇਹ ਭ੍ਰਿਸ਼ਟਾਚਾਰੀ ਸਰਕਾਰ ਸਿਰਫ਼ ਸ਼ੋਸ਼ਣ ਕਰਨ ਦਾ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਜਦੋਂ ਤੋਂ ਦੇਸ਼ ਦੀ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਨਵੀਆਂ ਨੀਤੀਆਂ ਬਣਾਈਆਂ ਅਤੇ ਲਾਗੂ ਕੀਤੀਆਂ ਹਨ, ਜਿਨ੍ਹਾਂ ਨੇ ਗਰੀਬ ਵਿਅਕਤੀ ਨੂੰ ਵਿਕਾਸ ਦੀ ਧਾਰਾ ਵਿੱਚ ਲਿਆਉਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਗੁਰੂ ਤੇਗ ਬਹਾਦਰ ਸਿੰਘ ਜੀ ਦਾ 350 ਸਾਲਾਂ ਪ੍ਰਕਾਸ਼ ਪੁਰਬ ਬੜੀ ਧੂਮਧਾਮ ਨਾਲ ਮਨਾਇਆ ਗਿਆ ਅਤੇ ਉਨ੍ਹਾਂ ਦੇ ਨਾਂ 'ਤੇ ਸਿਰਸਾ ਯੂਨੀਵਰਸਿਟੀ ਵਿੱਚ ਚੇਅਰ ਸਥਾਪਿਤ ਕੀਤੀ ਗਈ, ਫਰੀਦਾਬਾਦ ਵਿੱਚ ਚੌਕ, ਧਮਤਾਨ ਸਾਹਿਬ ਵਿੱਚ ਰਸਤਾ, ਯਮੁਨਾਨਗਰ ਵਿੱਚ ਵਨ ਅਤੇ ਦੁਆਰ, ਅੰਬਾਲਾ ਵਿੱਚ ਪੌਲੀਟੈਕਨਿਕ ਦਾ ਨਾਮਕਰਨ ਕੀਤਾ ਗਿਆ ਹੈ।

84 ਦੇ ਦੰਗਿਆਂ ਦੇ ਪੀੜਤ ਪਰਿਵਾਰਾਂ ਨੂੰ ਦਿੱਤੀ ਸਰਕਾਰੀ ਨੌਕਰੀ

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਜੀ ਦੇ ਨਾਂ 'ਤੇ ਛਛਰੌਲੀ ਵਿੱਚ ਖੇਤੀਬਾੜੀ ਕਾਲਜ ਬਣਾਇਆ ਜਾ ਰਿਹਾ ਹੈ, ਜਿਸ ਦਾ ਕਾਰਜ ਜਲਦ ਹੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਕੁਰੂਕਸ਼ੇਤਰ ਵਿੱਚ ਆਯੋਜਿਤ ਰਾਜ ਪੱਧਰੀ ਸਮਾਰੋਹ ਵਿੱਚ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅੱਗੇ ਵਧਾਉਣ ਲਈ ਡਾਕ ਟਿਕਟ ਅਤੇ ਸਿੱਕਾ ਜਾਰੀ ਕੀਤਾ। ਹਰਿਆਣਾ ਵਿੱਚ 84 ਦੇ ਦੰਗਿਆਂ ਦੇ ਪੀੜਤ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਡਾਇਲਸਿਸ ਦੇ ਮਰੀਜ਼ਾਂ ਦਾ ਰਾਜ ਦੇ ਸਾਰੇ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੇ ਚੋਣਾਂ ਦੌਰਾਨ ਕੀਤੇ ਗਏ 217 ਸੰਕਲਪਾਂ ਵਿੱਚੋਂ 63 ਪੂਰੇ ਕਰ ਦਿੱਤੇ ਹਨ ਅਤੇ 157 'ਤੇ ਤੇਜ਼ੀ ਨਾਲ ਕਾਰਜ ਚੱਲ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੀਆਂ ਜਾ ਰਹੀਆਂ ਹਨ ਅਤੇ ਸਬਜ਼ੀਆਂ, ਆਲੂ ਆਦਿ ਨੂੰ ਭਾਵਾਂਤਰ ਭਰਪਾਈ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਕਿਸਾਨਾਂ ਨੂੰ ਉਚਿਤ ਮੁੱਲ ਮਿਲ ਸਕੇ। ਔਰਤਾਂ ਨੂੰ 500 ਰੁਪਏ ਵਿੱਚ ਸਿਲੰਡਰ, ਫ਼ਸਲੀ ਵਿਭਿੰਨਤਾ ਅਪਣਾਉਣ ਵਾਲੇ ਕਿਸਾਨਾਂ ਨੂੰ 8 ਹਜ਼ਾਰ ਰੁਪਏ ਦੀ ਸਬਸਿਡੀ, ਔਰਤਾਂ ਨੂੰ 2100 ਰੁਪਏ ਦੀ ਰਾਸ਼ੀ ਦੇਣ ਦਾ ਕਾਰਜ ਕੀਤਾ ਜਾ ਰਿਹਾ ਹੈ। ਬਜ਼ੁਰਗਾਂ, ਦਿਵਿਆਂਗਾਂ, ਵਿਧਵਾ ਔਰਤਾਂ ਨੂੰ ਪੈਨਸ਼ਨ, ਦੀਨਦਿਆਲ ਲਾਡੋ ਲਕਸ਼ਮੀ ਵਰਗੀਆਂ ਯੋਜਨਾਵਾਂ ਦਾ ਲਾਭ ਹਰ ਮਹੀਨੇ 10 ਤਾਰੀਖ ਨੂੰ ਬਟਨ ਦਬਾ ਕੇ ਦਿੱਤਾ ਜਾ ਰਿਹਾ ਹੈ।

## ਵਿਰੋਧੀ ਦਲਾਂ ਨੂੰ ਤੋੜਨ ਦੀ ਕੋਸ਼ਿਸ਼ ਬਣਾ ਰਹੀ ਹੈ ਲੋਕਤੰਤਰ ਦਾ ਮਜ਼ਾਕ : ਜੈਰਾਮ ਰਮੇਸ਼

ਨਵੀਂ ਦਿੱਲੀ, 12 ਜੂਨ (ਪ੍ਰਤੀਨਿਧੀ) : ਤ੍ਰਿਣਮੂਲ ਕਾਂਗਰਸ 'ਚ ਚੱਲ ਰਹੀ ਬਗਾਵਤ ਵਿਚਾਲੇ ਕਾਂਗਰਸ ਨੇ ਦੋਸ਼ ਲਗਾਇਆ ਹੈ ਕਿ ਭਾਜਪਾ ਮਾਨਸੂਨ ਸੈਸ਼ਨ ਤੋਂ ਪਹਿਲਾਂ ਲੋਕ ਸਭਾ 'ਚ ਦੋ-ਤਿਹਾਈ ਬਹੁਮਤ ਜੁਟਾਉਣ ਲਈ ਵਿਰੋਧੀ ਦਲਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਤਰ੍ਹਾਂ ਦੀ ਕੋਸ਼ਿਸ਼ ਕਰ ਕੇ ਉਹ ਲੋਕਤੰਤਰ ਦਾ ਮਜ਼ਾਕ ਬਣਾ ਰਹੀ ਹੈ। ਕਾਂਗਰਸ ਸੰਚਾਰ ਵਿਭਾਗ ਦੇ ਇੰਚਾਰਜ ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ 'ਐਕਸ' 'ਤੇ ਸ਼ੁੱਕਰਵਾਰ ਨੂੰ ਕਿਹਾ ਕਿ ਇਸ ਤੋਂ ਪਹਿਲਾਂ ਕਦੇ ਕਿਸੇ ਨੇਤਾ ਨੇ ਲੋਕ ਸਭਾ 'ਚ ਆਪਣੀ ਪਾਰਟੀ ਲਈ ਦੋ-ਤਿਹਾਈ ਬਹੁਮਤ ਜੁਟਾਉਣ ਲਈ ਅਜਿਹੀ ਕੋਸ਼ਿਸ਼ ਨਹੀਂ ਕੀਤੀ, ਜਿਹੜੀ ਗ੍ਰਹਿ ਮੰਤਰੀ ਇੰਨੀਂ ਦਿਨੀਂ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ 17 ਅਪ੍ਰੈਲ 2026 ਨੂੰ ਰਾਸ਼ਟਰੀ ਜਨਤਾਂਤਰਿਕ ਗਠਜੋੜ (ਐੱਨਡੀਏ) ਜ਼ਰੂਰੀ ਦੋ-ਤਿਹਾਈ ਬਹੁਮਤ ਨਹੀਂ ਜੁਟਾ ਪਾਇਆ ਅਤੇ ਹੱਦਬੰਦੀ ਨਾਲ ਸੰਬੰਧਤ ਸੰਵਿਧਾਨ ਸੋਧ ਬਿੱਲ ਚੰਗੇ ਅੰਤਰ ਨਾਲ ਖਾਰਜ ਹੋ ਗਿਆ ਸੀ। ਸ੍ਰੀ ਰਮੇਸ਼ ਨੇ ਕਿਹਾ ਕਿ ਉਹ ਹਾਰ ਤੋਂ ਬੌਖਲਾਏ ਅਮਿਤ ਸ਼ਾਹ ਹੁਣ ਵਿਰੋਧੀ ਦਲਾਂ ਨੂੰ ਤੋੜਨ 'ਚ ਲੱਗੇ ਹਨ। ਉਨ੍ਹਾਂ ਦਾ ਦੋਸ਼ ਸੀ ਕਿ ਇਹ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹੈ ਅਤੇ ਇਸ ਨਾਲ ਲੋਕਤੰਤਰ ਦਾ ਮਜ਼ਾਕ ਬਣ ਰਿਹਾ ਹੈ।

# ਮੋਦੀ ਦੀ ਅਗਵਾਈ 'ਚ ਭਾਰਤ ਨੇ ਵਿਕਾਸ, ਸੁਰੱਖਿਆ ਅਤੇ ਸੱਭਿਆਚਾਰਕ ਮਾਣ ਦੇ ਨਵੇਂ ਆਯਾਮ ਸਥਾਪਿਤ ਕੀਤੇ : ਕ੍ਰਿਸ਼ਨ ਲਾਲ ਪੰਵਾਰ

ਪੰਚਕੂਲਾ, 12 ਜੂਨ (ਪ੍ਰਤੀਨਿਧੀ) : ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਨੇ ਵਿਕਾਸ, ਸੁਰੱਖਿਆ, ਆਤਮ-ਨਿਰਭਰਤਾ ਅਤੇ ਸੱਭਿਆਚਾਰਕ ਪੁਨਰ-ਜਾਗਰਣ ਦੇ ਖੇਤਰ ਵਿੱਚ ਇਤਿਹਾਸਕ ਉਪਲਬਧੀਆਂ ਹਾਸਲ ਕੀਤੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਸਰਕਾਰ ਦੇ 12 ਸਾਲ ਪੂਰੇ ਹੋਣ ਦੇ ਉਪਲਬਧ ਵਿੱਚ ਸਰਕਾਰੀ ਨੀਤੀਆਂ ਅਤੇ ਜਨ-ਭਲਾਈ ਯੋਜਨਾਵਾਂ ਦੀ ਜਾਣਕਾਰੀ ਜਨ-ਜਨ ਤੱਕ ਪਹੁੰਚਾਉਣ ਲਈ ਚਲਾਈ ਜਾ ਰਹੀ ਜਨ ਜਾਗਰੂਕਤਾ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਭਗਤ ਫੂਲ ਸਿੰਘ ਮਹਿਲਾ ਯੂਨੀਵਰਸਿਟੀ ਖਾਨਪੁਰ ਕਲਾਂ (ਸੋਨੀਪਤ) ਵਿੱਚ ਮੀਡੀਆ ਸੰਵਾਦ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਕੈਬਨਿਟ ਮੰਤਰੀ ਇਸ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।



ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਸਾਲ 2014 ਵਿੱਚ ਜਦੋਂ ਨਰੇਂਦਰ ਮੋਦੀ ਨੇ ਦੇਸ਼ ਦੀ ਵਾਗਡੋਰ ਸੰਭਾਲੀ ਸੀ, ਉਦੋਂ ਉਨ੍ਹਾਂ ਨੇ ਦੇਸ਼ ਵਾਸੀਆਂ ਨਾਲ ਆਰਥਿਕ ਵਿਕਾਸ, ਰਾਸ਼ਟਰੀ ਸੁਰੱਖਿਆ ਅਤੇ ਸੱਭਿਆਚਾਰਕ ਮਾਣ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ ਸੀ। ਪਿਛਲੇ 12 ਸਾਲਾਂ ਵਿੱਚ ਇਨ੍ਹਾਂ ਸਾਰੇ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਜ ਹੋਏ ਹਨ, ਜਿਨ੍ਹਾਂ ਦਾ ਨਤੀਜਾ ਅੱਜ ਪੂਰੇ ਦੇਸ਼ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਸਾਲ 2014 ਵਿੱਚ ਭਾਰਤ ਵਿਸ਼ਵ ਦੀਆਂ ਅਰਥਵਿਵਸਥਾਵਾਂ ਵਿੱਚ 11ਵੇਂ ਸਥਾਨ 'ਤੇ ਸੀ, ਜਦੋਂ ਕਿ ਅੱਜ ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਚੁੱਕਾ ਹੈ ਅਤੇ ਜਲਦੀ ਹੀ ਤੀਜੇ ਸਥਾਨ 'ਤੇ ਪਹੁੰਚਣ ਵੱਲ ਵਧ ਰਿਹਾ ਹੈ। ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰਅੰਦੇਸ਼ੀ ਅਗਵਾਈ, ਮਜ਼ਬੂਤ ਆਰਥਿਕ ਨੀਤੀਆਂ ਅਤੇ ਦੇਸ਼ ਵਾਸੀਆਂ ਦੇ ਸਹਿਯੋਗ ਦਾ ਨਤੀਜਾ ਹੈ।

ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਅਯੁੱਧਿਆ ਵਿੱਚ ਭਗਵਾਨ ਸ੍ਰੀ ਰਾਮ ਦੇ ਵਿਸ਼ਾਲ ਮੰਦਰ ਦਾ ਨਿਰਮਾਣ ਭਾਰਤ ਦੀ ਸੱਭਿਆਚਾਰਕ ਚੇਤਨਾ ਅਤੇ ਆਸਥਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਿਹਾ ਕਿ ਸਦੀਆਂ ਤੋਂ ਕਰੋੜਾਂ ਲੋਕਾਂ ਦੀ ਇਹ ਭਾਵਨਾ ਸੀ ਕਿ ਭਗਵਾਨ ਸ੍ਰੀ ਰਾਮ ਦੀ ਜਨਮ ਭੂਮੀ 'ਤੇ ਵਿਸ਼ਾਲ ਮੰਦਰ ਦਾ ਨਿਰਮਾਣ ਹੋਵੇ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਇਹ ਇਤਿਹਾਸਕ ਸੁਪਨਾ ਸਾਕਾਰ ਹੋਇਆ। ਅੱਜ ਅਯੁੱਧਿਆ ਵਿਸ਼ਵ ਭਰ ਦੇ ਸ਼ਰਧਾਲੂਆਂ ਲਈ ਆਸਥਾ ਦਾ ਪ੍ਰਮੁੱਖ ਕੇਂਦਰ ਬਣ ਚੁੱਕੀ ਹੈ। ਵਿਕਾਸ ਅਤੇ ਪੰਚਾਇਤ ਮੰਤਰੀ ਨੇ ਕਿਹਾ ਕਿ ਜੰਮੂ-ਕਸ਼ਮੀਰ ਤੋਂ ਅਨੁਛੇਦ 370 ਹਟਾਉਣਾ ਆਜ਼ਾਦ ਭਾਰਤ ਦੇ ਇਤਿਹਾਸ ਦਾ ਇੱਕ ਦਲੇਰਾਨਾ ਅਤੇ ਇਤਿਹਾਸਕ ਫੈਸਲਾ ਸੀ। ਉਨ੍ਹਾਂ ਨੇ ਕਿਹਾ ਕਿ ਲੰਮੇ ਸਮੇਂ ਤੱਕ ਇਹ ਮੰਨਿਆ ਜਾਂਦਾ ਰਿਹਾ ਕਿ ਇਸ ਪ੍ਰਾਵਧਾਨ ਨੂੰ ਹਟਾਉਣਾ ਸੰਭਵ ਨਹੀਂ ਹੈ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਿੱਚ ਇਸ ਨੂੰ ਸਫਲਤਾਪੂਰਵਕ ਹਟਾ ਕੇ ਦੇਸ਼ ਵਿੱਚ ਇੱਕ ਸੰਵਿਧਾਨ, ਇੱਕ ਨਿਸ਼ਾਨ ਅਤੇ ਇੱਕ ਵਿਧਾਨ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਗਿਆ। ਸ੍ਰੀ ਪੰਵਾਰ ਨੇ ਕਿਹਾ ਕਿ ਰਾਸ਼ਟਰੀ ਸੁਰੱਖਿਆ ਦੇ ਖੇਤਰ ਵਿੱਚ ਵੀ ਭਾਰਤ ਨੇ ਸ਼ਾਨਦਾਰ ਪ੍ਰਗਤੀ ਕੀਤੀ ਹੈ। ਪਹਿਲਾਂ ਦੇਸ਼ ਆਪਣੀਆਂ ਰੱਖਿਆ ਲੋੜਾਂ ਲਈ ਵੱਡੇ ਪੱਧਰ 'ਤੇ ਵਿਦੇਸ਼ਾਂ 'ਤੇ ਨਿਰਭਰ ਸੀ, ਪਰ ਅੱਜ ਮੇਕ ਇਨ ਇੰਡੀਆ ਅਤੇ ਆਤਮ-ਨਿਰਭਰ ਭਾਰਤ ਮੁਹਿੰਮ ਤਹਿਤ ਭਾਰਤ ਰੱਖਿਆ ਉਪਕਰਨਾਂ ਅਤੇ ਫੌਜੀ ਤਕਨੀਕ ਦੇ ਨਿਰਮਾਣ ਵਿੱਚ ਆਤਮ-ਨਿਰਭਰ ਬਣ ਰਿਹਾ ਹੈ।

## ਅੱਠਵੀਂ ਜਮਾਤ ਦੇ ਇਤਿਹਾਸ ਦੇ ਪਾਠਕ੍ਰਮ ਵਿੱਚ ਸ਼ਾਮਲ ਕਰਕੇ ਸਿੱਖ ਗੁਰੂਆਂ ਦਾ ਸਨਮਾਨ



ਮੂਨਕ, 12 ਜੂਨ (ਜੈ ਭਗਵਾਨ): ਪਿੰਡ ਮੂਨਕ ਦੇ ਗੁਲਾਬ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦਾ ਅੱਠਵੀਂ ਜਮਾਤ ਦੇ ਇਤਿਹਾਸ ਦੇ ਪਾਠਕ੍ਰਮ ਵਿੱਚ ਸਿੱਖ ਗੁਰੂਆਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਨੂੰ ਸ਼ਾਮਲ ਕਰਕੇ ਸਿੱਖ ਭਾਈਚਾਰੇ ਨਾਲ ਕੀਤੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਧੰਨਵਾਦ ਕੀਤਾ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਮਨੁੱਖਤਾ, ਸਮਾਨਤਾ, ਸੇਵਾ, ਕੁਰਬਾਨੀ, ਭਾਈਚਾਰੇ ਅਤੇ ਨਿਆਂ ਦਾ ਸੰਦੇਸ਼ ਦਿੰਦੀਆਂ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਾਹਿਬ ਜੀ ਤੱਕ, ਸਾਰੇ ਗੁਰੂਆਂ ਨੇ ਮਨੁੱਖੀ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕਣ ਅਤੇ ਸਮਾਜ ਨੂੰ ਆਕਾਰ ਦੇਣ ਵਿੱਚ ਬੇਮਿਸਾਲ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਸਿੱਖਿਆਵਾਂ ਨਾ ਸਿਰਫ਼ ਸਿੱਖ ਭਾਈਚਾਰੇ ਲਈ ਸਗੋਂ ਸਾਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹਨ। ਇਸੇ ਤਰ੍ਹਾਂ, ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਦੇ ਹੋਏ, ਗਰੀਬਾਂ, ਕਿਸਾਨਾਂ ਅਤੇ ਦੱਬੇ-ਕੁਚਲੇ ਲੋਕਾਂ ਲਈ ਅਧਿਕਾਰ ਅਤੇ ਸਤਿਕਾਰ ਪ੍ਰਾਪਤ ਕਰਨ ਵਿੱਚ ਇਤਿਹਾਸਕ ਯੋਗਦਾਨ ਪਾਇਆ। ਉਨ੍ਹਾਂ ਦਾ ਜੀਵਨ ਸੰਘਰਸ਼, ਬਹਾਦਰੀ, ਦੇਸ਼ ਭਗਤੀ ਅਤੇ ਲੋਕ ਭਲਾਈ ਦਾ ਪ੍ਰਤੀਕ ਹੈ। ਇਸ ਇਤਿਹਾਸ ਨੂੰ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕਰਨ ਨਾਲ ਬੱਚਿਆਂ ਨੂੰ ਆਪਣੀ ਮਹਾਨ ਵਿਰਾਸਤ, ਇਤਿਹਾਸ ਅਤੇ ਸੱਭਿਆਚਾਰ ਨਾਲ ਜੁੜਨ ਦਾ ਮੌਕਾ ਮਿਲੇਗਾ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ (ਈ-ਟੈਂਡਰਿੰਗ ਦੁਆਰਾ)**

| | |
|---|---|
| ਕੰਮ ਦਾ ਨਾਮ ਅਤੇ ਸਥਾਨ | 1. BLC ਡਿਪੋ/ TKD ਵਿਚ ਰੇਲਨੇਟ, ਵਾਈ-ਫਾਈ ਕਵਰੇਜ ਅਤੇ ਇਨਫਾਰਮੇਸ਼ਨ ਡਿਸਪਲੇ ਬੋਰਡ ਦੀ ਸੁਵਿਧਾ 2. TKJ ORH ਅਭਿਨੰਦਨ ਵਿਚ CCTV ਕੈਮਰਿਆਂ ਦੀ ਸੁਵਿਧਾ, 3. ਆਨਲਾਈਨ ਮਾਨਿਟਰਿੰਗ ਦੇ ਲਈ TKD, NDLS, DKZ, PTNR, HNZM ਅਤੇ DLI ਵਿਚ ਲਗੇ ਵੇ-ਬ੍ਰਿਜ ਤੇ IP-ਬੇਸਡ CCTV ਦੀ ਸਹੂਲਤ। |
| ਕੰਮ ਦੀ ਅੰਦਾਜ਼ਨ ਲਾਗਤ (₹) | ₹ 1,12,56,235.24/- ਕੇਵਲ |
| ਬਿਆਨਾ ਰਾਸ਼ੀ (₹) | ₹ 2,25,200/- ਕੇਵਲ |
| ਦਫਤਰ ਦਾ ਪਤਾ | ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ-C, ਤੀਜੀ ਮੰਜ਼ਲ, ਸੰਕੇਤ ਅਤੇ ਦੂਰਸੰਚਾਰ ਬ੍ਰਾਂਚ, ਮੰਡਲ ਰੇਲ ਪ੍ਰਬੰਧਕ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ-110055 |
| ਨਿਵਿਦਾ ਫਾਰਮ ਜਮ੍ਹਾ ਕਰਨ ਅਤੇ ਨਿਵਿਦਾ ਖੁਲ੍ਹਣ ਦੀ ਮਿਤੀ ਅਤੇ ਸਮਾਂ | ਨਿਵਿਦਾ ਫਾਰਮ ਜਮ੍ਹਾ ਅਪਲੋਡ ਕਰਨ ਦਾ ਸਮਾਂ ਮਿਤੀ 06.07.2026 15.00 ਵਜੇ ਤਕ |
| ਵੈਬਸਾਈਟ ਅਤੇ ਨੋਟਿਸ ਬੋਰਡ ਦਾ ਸਥਾਨ ਜਿਥੋਂ ਤੋਂ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। | ਉਤਰ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਦੇਖੋ ਜਾਂ ਨੋਟਿਸ ਬੋਰਡ, ਤੀਜੀ ਮੰਜ਼ਲ, ਸੰਕੇਤ ਅਤੇ ਦੂਰਸੰਚਾਰ ਬ੍ਰਾਂਚ, ਮੰਡਲ ਰੇਲ ਪ੍ਰਬੰਧਕ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ- 110055 |

ਨਿਵਿਦਾ ਨੰਬਰ: 558-ਸਿਗਨਲ-16-ਟੇਲੀ-ਓਪਨਟੈਂਡਰ-1036 ਮਿਤੀ: 11.06.2026 2003/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ



**☛ ਯਾਤਰੀਗਣ ਕ੍ਰਿਪਾ ਧਿਆਨ ਦੇਣ ! ☚**

**ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ-2026**

**ਸਰਵ ਸਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉੱਤਰ ਰੇਲਵੇ ਦੁਆਰਾ ਆਰ.ਆਰ.ਬੀ. ਐਨਟੀਪੀਸੀ ਇਮਤਿਹਾਨ ਵਿਚ ਸ਼ਾਮਿਲ ਹੋਣ ਵਾਲੇ ਉਮੀਦਵਾਰਾਂ ਦੀ ਸੁਵਿਧਾ ਦੇ ਲਈ ਹੇਠਾ ਲਿਖੀ ਇਮਤਿਹਾਨ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਨ੍ਹਾਂ ਦਾ ਵੇਰਵਾ ਹੇਠਾ ਅਨੁਸਾਰ ਹੈ:-**

**ਰੇਲਗੱਡੀ ਨੰ: 04321/04322 ਮੁਰਾਦਾਬਾਦ - ਦੇਹਰਾਦੂਨ - ਮੁਰਾਦਾਬਾਦ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 05 ਫੇਰੇ**

| ਗੱਡੀ ਨੰ: 04321 ਆਉਣਾ | ਗੱਡੀ ਨੰ: 04321 ਜਾਣਾ | ↓ ਸਟੇਸ਼ਨ ↑ | ਗੱਡੀ ਨੰ: 04322 ਆਉਣਾ | ਗੱਡੀ ਨੰ: 04322 ਜਾਣਾ |
|---|---|---|---|---|
| ---- | 22:00 | ਮੁਰਾਦਾਬਾਦ | 05:00 | ---- |
| 06:15 | ---- | ਦੇਹਰਾਦੂਨ | ---- | 19:50 |

ਚਲਨ ਦੇ ਦਿਨ : 04321 ਮੁਰਾਦਾਬਾਦ ਤੋਂ ਮਿਤੀ 13.06.2026 ਤੇ 14.06.2026 ਨੂੰ ਅਤੇ 04322 ਦੇਹਰਾਦੂਨ ਤੋਂ ਮਿਤੀ 13.06.2026, 14.06.2026 ਤੇ 15.06.2026 ਨੂੰ।
ਠਹਿਰਾਵ : ਅਮਰੋਹਾ, ਗਜਰੋਲਾ ਜੰ:, ਮੰਡੀ ਘਨੋਰਾ, ਚਾਂਦ ਸਿਯਾਊ, ਹਲਦੋਰ, ਬਿਜਨੋਰ, ਬਾਸੀ ਕਿਰਤਪੁਰ, ਮੁਅਜਜਮਪੁਰ ਨਾਰਾਯਣ ਜੰ:, ਲਕਸਰ ਜੰ:, ਜਵਾਲਾਪੁਰ ਅਤੇ ਹਰਿਦੁਆਰ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04323/04324 ਬਰੇਲੀ - ਗਾਜ਼ੀਆਬਾਦ - ਬਰੇਲੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 05 ਫੇਰੇ**

| ਗੱਡੀ ਨੰ: 04323 ਆਉਣਾ | ਗੱਡੀ ਨੰ: 04323 ਜਾਣਾ | ↓ ਸਟੇਸ਼ਨ ↑ | ਗੱਡੀ ਨੰ: 04324 ਆਉਣਾ | ਗੱਡੀ ਨੰ: 04324 ਜਾਣਾ |
|---|---|---|---|---|
| ---- | 22:50 | ਬਰੇਲੀ | 23:50 | ---- |
| 04:35 | ---- | ਗਾਜ਼ੀਆਬਾਦ | ---- | 20:10 |

ਚਲਨ ਦੇ ਦਿਨ : 04323 ਬਰੇਲੀ ਤੋਂ ਮਿਤੀ 13.06.2026 ਤੇ 14.06.2026 ਨੂੰ ਅਤੇ 04324 ਗਾਜ਼ੀਆਬਾਦ ਤੋਂ ਮਿਤੀ 13.06.2026, 14.06.2026 ਤੇ 15.06.2026 ਨੂੰ।
ਠਹਿਰਾਵ : ਰਾਮਪੁਰ, ਮੁਰਾਦਾਬਾਦ, ਅਮਰੋਹਾ, ਗਜਰੋਲਾ ਜੰ: ਅਤੇ ਹਾਪੁੜ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04425 ਨਵੀਂ ਦਿੱਲੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04425 ਆਉਣਾ | ਗੱਡੀ ਨੰ: 04425 ਜਾਣਾ |
|---|---|---|
| ਨਵੀਂ ਦਿੱਲੀ | ---- | 04:30 |
| ਸਹਾਰਨਪੁਰ ਜੰ: | 08:30 | ---- |

ਚਲਨ ਦੇ ਦਿਨ : 04424 ਨਵੀਂ ਦਿੱਲੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੌਲੀ, ਮਨਸੂਰਪੁਰ, ਮੁਜ਼ੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04426 ਸਹਾਰਨਪੁਰ ਜੰ: - ਸ਼ਕੂਰ ਬਸਤੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04426 ਆਉਣਾ | ਗੱਡੀ ਨੰ: 04426 ਜਾਣਾ |
|---|---|---|
| ਸਹਾਰਨਪੁਰ ਜੰ: | ---- | 11:30 |
| ਸ਼ਕੂਰ ਬਸਤੀ | 16:20 | ---- |

ਚਲਨ ਦੇ ਦਿਨ : 04426 ਸਹਾਰਨਪੁਰ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜ਼ੱਫਰਨਗਰ, ਮਨਸੂਰਪੁਰ, ਖਤੌਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਗਰ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04427 ਸ਼ਕੂਰ ਬਸਤੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04427 ਆਉਣਾ | ਗੱਡੀ ਨੰ: 04427 ਜਾਣਾ |
|---|---|---|
| ਸ਼ਕੂਰ ਬਸਤੀ | ---- | 17:15 |
| ਸਹਾਰਨਪੁਰ ਜੰ: | 22:00 | ---- |

ਚਲਨ ਦੇ ਦਿਨ : 04427 ਸ਼ਕੂਰ ਬਸਤੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਦਯਾ ਬਸਤੀ, ਦਿੱਲੀ ਕਿਸ਼ਨਗੰਜ, ਨਵੀਂ ਦਿੱਲੀ, ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੌਲੀ, ਮਨਸੂਰਪੁਰ, ਮਜ਼ੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04428 ਸਹਾਰਨਪੁਰ - ਸ਼ਕੂਰ ਬਸਤੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04428 ਆਉਣਾ | ਗੱਡੀ ਨੰ: 04428 ਜਾਣਾ |
|---|---|---|
| ਸਹਾਰਨਪੁਰ ਜੰ: | ---- | 04:45 |
| ਸ਼ਕੂਰ ਬਸਤੀ | 09:40 | ---- |

ਚਲਨ ਦੇ ਦਿਨ : 04428 ਸਹਾਰਨਪੁਰ ਜੰ: ਤੋਂ ਮਿਤੀ 14.06.2026 15.06.2026, 16.06.2026 ਤੇ 17.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜ਼ੱਫਰਨਗਰ, ਮਨਸੂਰਪੁਰ, ਖਤੌਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਗਗ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04429 ਸ਼ਕੂਰ ਬਸਤੀ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04429 ਆਉਣਾ | ਗੱਡੀ ਨੰ: 04429 ਜਾਣਾ |
|---|---|---|
| ਸ਼ਕੂਰ ਬਸਤੀ | ---- | 10:50 |
| ਸਹਾਰਨਪੁਰ ਜੰ: | 15:30 | ---- |

ਚਲਨ ਦੇ ਦਿਨ : 04429 ਸ਼ਕੂਰ ਬਸਤੀ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਦਯਾ ਬਸਤੀ, ਦਿੱਲੀ ਕਿਸ਼ਨਗੰਜ, ਨਵੀਂ ਦਿੱਲੀ, ਤਿਲਕ ਬ੍ਰਿਜ, ਆਨੰਦ ਵਿਹਾਰ, ਸਾਹਿਬਾਬਾਦ, ਗਾਜ਼ੀਆਬਾਦ, ਨਵਾ ਗਾਜ਼ੀਆਬਾਦ, ਮੁਰਾਦਨਗਰ, ਮੋਦੀਨਗਰ, ਮੇਰਠ ਨਗਰ, ਮੇਰਠ ਛਾਵਣੀ, ਦੋਰਾਲਾ, ਖਤੌਲੀ, ਮਨਸੂਰਪੁਰ, ਮਜ਼ੱਫਰਨਗਰ, ਦੇਵਬੰਦ, ਨਾਗਲ ਅਤੇ ਟਪਰੀ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04430 ਸਹਾਰਨਪੁਰ ਜੰ: - ਨਵੀਂ ਦਿੱਲੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 04 ਫੇਰੇ**

| ਸਟੇਸ਼ਨ ↓ | ਗੱਡੀ ਨੰ: 04430 ਆਉਣਾ | ਗੱਡੀ ਨੰ: 04430 ਜਾਣਾ |
|---|---|---|
| ਸਹਾਰਨਪੁਰ ਜੰ: | ---- | 17:45 |
| ਨਵੀਂ ਦਿੱਲੀ | 22:30 | ---- |

ਚਲਨ ਦੇ ਦਿਨ : 04430 ਸਹਾਰਨਪੁਰ ਤੋਂ ਮਿਤੀ 13.06.2026, 14.06.2026 15.06.2026 ਤੇ 16.06.2026 ਨੂੰ।
ਠਹਿਰਾਵ : ਟਪਰੀ ਜੰ:, ਨਾਗਲ, ਦੇਵਬੰਦ, ਮੁਜ਼ੱਫਰਨਗਰ, ਮਨਸੂਰਪੁਰ, ਖਤੌਲੀ, ਦੋਰਾਲਾ, ਮੇਰਠ ਛਾਵਣੀ, ਮੇਰਠ ਨਗਰ, ਮੋਦੀਨਗਰ, ਮੁਰਾਦਨਗਰ, ਨਵਾ ਗਾਜ਼ੀਆਬਾਦ, ਗਾਜ਼ੀਆਬਾਦ, ਸਾਹਿਬਾਬਾਦ, ਆਨੰਦ ਵਿਹਾਰ, ਤਿਲਕ ਬ੍ਰਿਜ, ਨਵੀਂ ਦਿੱਲੀ, ਦਿੱਲੀ ਕਿਸ਼ਨਗੰਜ ਅਤੇ ਦਯਾ ਬਸਤੀ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04643/04644 ਫ਼ਿਰੋਜ਼ਪੁਰ ਛਾਵਣੀ - ਅੰਮ੍ਰਿਤਸਰ ਫ਼ਿਰੋਜ਼ਪੁਰ ਛਾਵਣੀ ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 16 ਫੇਰੇ**

| ਗੱਡੀ ਨੰ: 04643 ਆਉਣਾ | ਗੱਡੀ ਨੰ: 04643 ਜਾਣਾ | ↓ ਸਟੇਸ਼ਨ ↑ | ਗੱਡੀ ਨੰ: 04644 ਆਉਣਾ | ਗੱਡੀ ਨੰ: 04644 ਜਾਣਾ |
|---|---|---|---|---|
| ---- | 05:10 | ਫ਼ਿਰੋਜ਼ਪੁਰ ਛਾਵਣੀ | 23:20 | ---- |
| 09:30 | ---- | ਅੰਮ੍ਰਿਤਸਰ | ---- | 19:30 |

ਚਲਨ ਦੇ ਦਿਨ : 04643 ਫ਼ਿਰੋਜ਼ਪੁਰ ਛਾਵਣੀ ਅਤੇ 04644 ਅੰਮ੍ਰਿਤਸਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਮਕਖੂ, ਲੋਹਿਯਾ ਖਾਸ ਜੰ:, ਸੁਲਤਾਨਪੁਰ ਲੋਦੀ, ਕਪੂਰਥਲਾ, ਜਲੰਧਰ ਸ਼ਹਿਰ ਅਤੇ ਬਯਾਸ ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04645/04646 ਲੁਧਿਆਣਾ ਜੰ: - ਜਲੰਧਰ ਸ਼ਹਿਰ - ਲੁਧਿਆਣਾ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 16 ਫੇਰੇ**

| ਗੱਡੀ ਨੰ: 04645 ਆਉਣਾ | ਗੱਡੀ ਨੰ: 04645 ਜਾਣਾ | ↓ ਸਟੇਸ਼ਨ ↑ | ਗੱਡੀ ਨੰ: 04646 ਆਉਣਾ | ਗੱਡੀ ਨੰ: 04646 ਜਾਣਾ |
|---|---|---|---|---|
| ---- | 12:00 | ਲੁਧਿਆਣਾ ਜੰ: | 20:50 | ---- |
| 13:10 | ---- | ਜਲੰਧਰ ਸ਼ਹਿਰ | ---- | 19:30 |

ਚਲਨ ਦੇ ਦਿਨ : 04645 ਲੁਧਿਆਣਾ ਜੰ: ਤੋਂ ਅਤੇ 04646 ਜਲੰਧਰ ਸ਼ਹਿਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਫਿਲੌਰ ਜੰ: ਅਤੇ ਫਗਵਾੜਾ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਗੱਡੀ ਨੰ: 04549/04550 ਸਹਾਰਨਪੁਰ ਜੰ: - ਜਲੰਧਰ ਸ਼ਹਿਰ - ਸਹਾਰਨਪੁਰ ਜੰ: ਅਣਰਿਜ਼ਵਰ ਇਮਤਿਹਾਨ ਵਿਸ਼ੇਸ਼ ਐਕਸਪ੍ਰੈਸ — 16 ਫੇਰੇ**

| ਗੱਡੀ ਨੰ: 04549 ਆਉਣਾ | ਗੱਡੀ ਨੰ: 04549 ਜਾਣਾ | ↓ ਸਟੇਸ਼ਨ ↑ | ਗੱਡੀ ਨੰ: 04550 ਆਉਣਾ | ਗੱਡੀ ਨੰ: 04550 ਜਾਣਾ |
|---|---|---|---|---|
| ---- | 05:00 | ਸਹਾਰਨਪੁਰ ਜੰ: | 21:15 | ---- |
| 10:50 | ---- | ਜਲੰਧਰ ਸ਼ਹਿਰ | ---- | 15:20 |

ਚਲਨ ਦੇ ਦਿਨ : 04549 ਸਹਾਰਨਪੁਰ ਜੰ: ਤੋਂ ਅਤੇ 04550 ਜਲੰਧਰ ਸ਼ਹਿਰ ਤੋਂ ਮਿਤੀ 13.06.2026 20.06.2026 ਤਕ
ਠਹਿਰਾਵ : ਸਰਸਾਵਾ, ਯਮੁਨਾਨਗਰ ਜਗਾਧਰੀ, ਜਗਾਧਰੀ ਵਰਕਸ਼ਾਪ, ਮੁਸਤਫਾਬਾਦ, ਬਰਾੜਾ, ਅੰਬਾਲਾ ਛਾਵਣੀ ਜੰ:, ਅੰਬਾਲਾ ਸ਼ਹਿਰ, ਰਾਜਪੁਰਾਜੰ:, ਸਰਹਿੰਦ ਜੰ:, ਖੰਨਾ, ਲੁਧਿਆਣਾ ਜੰ:, ਫਿਲੌਰ ਜੰ: ਅਤੇ ਫਗਵਾੜਾ ਜੰ: ਸਟੇਸ਼ਨ।
ਜਗ੍ਹਾਂ : ਜਨਰਲ ਸ਼੍ਰੇਣੀ।

**ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਏਪ ਦੇਖੋ।**

ਉਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# ਰੇਡੀਓ ਨਾਲ ਜੁੜੀਆਂ ਯਾਦਾਂ

ਦੂਸਰਾ ਸੰਸਾਰ ਯੁੱਧ ਖ਼ਤਮ ਹੋ ਚੁੱਕਾ ਸੀ। ਹਾਰੀਆਂ ਹੋਈਆਂ ਧਿਰਾਂ ਦੀ ਫੜੀ ਹੋਈ ਕਈ ਕਿਸਮ ਦੀ ਵਾਇਰਲੈੱਸ ਸਮੱਗਰੀ ਦਿੱਲੀ ਦੇ ਜਾਮਾ ਮਸਜਿਦ ਲਾਗਲੇ ਕਬਾੜੀਆਂ ਪਾਸ ਪਹੁੰਚ ਗਈ। ਕਿੱਥੇ ਕਿਹੜੀ ਚੀਜ਼ ਵਰਤੀ ਜਾ ਸਕਦੀ ਹੈ ਇਸ ਦਾ ਓਦੋਂ ਕਬਾੜੀਆਂ ਨੂੰ ਪਤਾ ਨਹੀਂ ਸੀ ਹੁੰਦਾ ਅਤੇ ਉਹ ਸੇਰਾਂ ਦੇ ਹਿਸਾਬ ਯਾਨੀ ਤੋਲ ਕੇ ਵੇਚ ਦਿੰਦੇ ਸਨ। ਮਿਸਾਲ ਦੇ ਤੌਰ 'ਤੇ ਇਕ ਕੰਨ ਨੂੰ ਲਾਉਣ ਵਾਲਾ ਹੈੱਡ ਫੋਨ ਅੱਠ ਆਨੇ (ਅੱਧਾ ਰੁਪਿਆ) ਜਾਂ ਬਾਰਾਂ ਆਨੇ ਨੂੰ ਮਿਲ ਜਾਂਦਾ ਸੀ। ਅਕਸਰ ਹੀ ਸਕੂਲੀ ਲੜਕੇ, ਇਕ ਸ਼ੌਕ ਵਜੋਂ ਆਪੋ ਆਪਣਾ 'ਕ੍ਰਿਸਟਲ ਰੇਡੀਓ' ਜੋੜ ਲੈਂਦੇ ਸਨ। ਇਸ ਕ੍ਰਿਸਟਲ ਸੈੱਟ ਨੂੰ ਚਲਾਉਣ ਲਈ ਕਿਸੇ ਬੈਟਰੀ ਜਾਂ ਸੈੱਲ ਦੀ ਲੋੜ ਨਹੀਂ ਸੀ। ਛੱਤ 'ਤੇ ਲੱਗਾ ਸ਼ਕਤੀਸ਼ਾਲੀ ਏਰੀਅਲ ਅਤੇ ਨਲਕੇ ਨਾਲ ਜੋੜੀ ਹੋਈ ਤਾਂਬੇ ਦੀ ਤਾਰ, ਇਹ ਹੀ ਬੈਟਰੀ ਦਾ ਕੰਮ ਕਰ ਜਾਂਦੇ ਸਨ। ਵੀਹ-ਪੰਝੀ ਫੁੱਟ ਦੀ ਦੂਰੀ 'ਤੇ ਦੋ ਬਾਂਸ ਖੜ੍ਹੇ ਕਰ ਕੇ ਉਨ੍ਹਾਂ ਦੇ ਸਿਰਿਆਂ ਨੂੰ ਤਾਂਬੇ ਦੀ ਆਮ ਤਾਰ ਨਾਲ ਜੋੜਿਆ ਹੋਇਆ ਇਹ ਏਰੀਅਲ ਦੂਰੋਂ ਹੀ ਦਿਸ ਪੈਂਦਾ ਸੀ ਅਤੇ ਵੱਡੇ ਰੇਡੀਓ ਇਸੇ ਨਾਲ ਹੀ ਹਰ ਤਰ੍ਹਾਂ ਦਾ ਸਿਗਨਲ ਪਕੜਦੇ ਸਨ।

'ਕ੍ਰਿਸਟਲ ਰੇਡੀਓ' ਲਈ ਇਕ ਕੋਇਲ ਅਤੇ ਮਟਰ ਦੇ ਦਾਣੇ ਜਿੱਡਾ ਸੋਨ ਮੱਖੀ ਦਾ ਟੁਕੜਾ ਜਿਸ ਨੂੰ ਤਕਨੀਕੀ ਲੋਕ 'ਕਾਰਬੋਰੰਡਮ' ਕਹਿੰਦੇ ਹਨ। ਇਹ ਸਮੱਗਰੀ ਸਰਕਟ ਵੀ ਅਤਿ ਸਰਲ ਅਤੇ ਇਸਨੂੰ ਜੋੜਨਾ ਵੀ ਹਰ ਕੋਈ ਸਿੱਖ ਲੈਂਦਾ ਸੀ। ਇਹ ਕ੍ਰਿਸਟਲ ਰੇਡੀਓ ਮੀਡੀਅਮ ਵੇਵ ਦੇ ਨੇੜੇ ਨੇੜੇ ਦੇ ਸਟੇਸ਼ਨ ਹੈੱਡਫੋਨ ਪੱਧਰ ਦੇ ਸੁਣਾ ਦਿੰਦਾ ਸੀ, ਪਰ ਉਦੋਂ ਆਜ਼ਾਦੀ ਤੋਂ ਪਹਿਲਾਂ ਸਟੇਸ਼ਨ ਹੁੰਦਾ ਹੀ ਇਕ ਸੀ 'ਆਲ ਇੰਡੀਆ ਰੇਡੀਓ ਲਾਹੌਰ'। 1947 ਤੋਂ ਬਾਅਦ ਇਕ ਸਟੇਸ਼ਨ ਅੰਮ੍ਰਿਤਸਰ ਵਿਚ ਕਾਰਜਸ਼ੀਲ ਹੋ ਗਿਆ, ਪਰ 1953 ਵਿਚ ਇਹੀ ਜਲੰਧਰ ਵਿਚ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਪਹਿਲਾਂ ਰੇਡੀਓ ਪ੍ਰੋਗਰਾਮ ਹੁੰਦੇ ਹੀ ਸ਼ਾਮ ਨੂੰ ਸਨ। ਮੈਨੂੰ ਯਾਦ ਹੈ ਕਿ ਸਾਨੂੰ ਖ਼ਬਰਾਂ ਦੀ ਸਮਝ ਨਹੀਂ ਸੀ ਲੱਗਦੀ। ਮੁੱਖ ਬੁਲਿਟਨ ਅੰਗਰੇਜ਼ੀ ਵਿਚ ਹੀ ਹੁੰਦਾ ਸੀ। ਸਾਡੀ 15-20 ਸਾਲ ਦੇ ਲੜਕਿਆਂ ਦੀ ਦਿਲਚਸਪੀ ਕੇਵਲ ਇਹੋ ਹੀ ਹੁੰਦੀ ਸੀ ਕਿ ਕਿਸਦਾ ਰਿਸੀਵਰ ਸਾਫ਼ ਆਵਾਜ਼ ਸੁਣਾ ਰਿਹਾ ਹੈ। ਮਾਪੇ ਅਤੇ ਹੋਰ ਗੁਆਂਢੀ ਦੇਸ਼ ਇਸ ਚਮਤਕਾਰੀ ਖਿਡਾਉਣੇ ਤੋਂ ਬਹੁਤ ਪ੍ਰਭਾਵਿਤ ਹੁੰਦੇ ਸਨ। ਫੇਰ ਸਾਨੂੰ ਪਤਾ ਲੱਗਾ ਕਿ ਰੇਡੀਓ ਲਾਇਸੈਂਸ ਵਾਂਗ ਕ੍ਰਿਸਟਲ ਰਿਸੀਵਰ ਦਾ ਵੀ ਲਾਇਸੈਂਸ ਲੈਣਾ ਜ਼ਰੂਰੀ ਹੈ ਬੇਸ਼ੱਕ ਇਹ 15/- ਸਾਲਾਨਾ ਦੇ ਮੁਕਾਬਲੇ ਕੇਵਲ 3/-ਸਾਲਾਨਾ ਸੀ। ਪਰ ਉਦੋਂ ਤਿੰਨ ਰੁਪਏ ਵੀ ਬਹੁਤ ਜ਼ਿਆਦਾ ਹੁੰਦੇ ਸਨ। ਕ੍ਰਿਸਟਲ ਸੈੱਟ ਦੀ ਤਾਂ ਆਪਣੀ ਕੀਮਤ ਵੀ ਮਸਾਂ ਦੋ ਰੁਪਏ ਸੀ। ਓਧਰੋਂ ਵਾਇਰਲੈੱਸ ਇੰਸਪੈਕਟਰ ਚੈਕਿੰਗ ਵਾਸਤੇ ਗਸ਼ਤ ਕਰਦੇ ਰਹਿੰਦੇ ਸਨ। ਹੌਲੀ ਹੌਲੀ ਅਸੀਂ ਦੋ ਤਿੰਨ ਲੜਕਿਆਂ ਨੇ ਬਿਜਲੀ ਨਾਲ ਚੱਲਣ ਵਾਲਾ ਰੇਡੀਓ ਬਣਾਉਣਾ ਸਿੱਖ ਲਿਆ। ਵਲਾਇਤੀ ਰੇਡੀਓ ਤਾਂ ਪੰਜ-ਛੇ ਸੌ ਰੁਪਏ ਤੋਂ ਘੱਟ ਨਹੀਂ ਸੀ ਹੁੰਦਾ। ਇਸ ਲਈ ਕਿਸੇ ਵਿਰਲੇ ਘਰ ਵਿਚ ਹੀ ਇਹ ਹੁੰਦਾ ਸੀ। ਮੈਂ ਇਕ ਮੀਡੀਅਮ ਵੇਵ ਰੇਡੀਓ ਬਣਾ ਲਿਆ ਜਿਸ ਨੂੰ ਬਣਾਉਣ ਵਿਚ 'ਸਰਮਾਇਆ' ਮੇਰੇ ਭਰਾ ਨੇ ਲਾਇਆ ਸੀ, ਕੋਈ ਪਝੰਤਰ ਰੁਪਏ ਅਤੇ ਲਾਇਸੈਂਸ ਵੀ ਆਪਣੇ ਨਾਮ ਲੈ ਲਿਆ। ਹੁਣ ਸਾਡੇ ਲਈ ਕੋਈ ਗ਼ੈਰਕਾਨੂੰਨੀ ਗੱਲ ਨਹੀਂ ਸੀ। ਉੱਚੀ ਆਵਾਜ਼ ਵਿਚ ਰੇਡੀਓ ਵਜਾਉਣਾ ਸਾਡੀ ਸ਼ਾਨ ਸੀ। ਹਰ ਸ਼ੁੱਕਰਵਾਰ ਰਾਤ ਸਾਢੇ ਨੌਂ ਵਜੇ ਫਰਮਾਇਸ਼ੀ ਪ੍ਰੋਗਰਾਮ ਸੁਣਨ ਲਈ ਆਂਢੀ-ਗੁਆਂਢੀ ਆ ਜਾਂਦੇ ਸਨ। ਕੇਵਲ ਰੇਡੀਓ ਪਾਕਿਸਤਾਨ ਲਾਹੌਰ ਹੀ ਇਹ ਪ੍ਰੋਗਰਾਮ ਪੇਸ਼ ਕਰਦਾ ਸੀ ਜਿਸ ਵਿਚ ਭਾਰਤੀ ਫ਼ਿਲਮਾਂ ਦੇ ਗੀਤ ਪੇਸ਼ ਕੀਤੇ ਜਾਂਦੇ ਸਨ। ਪਾਕਿਸਤਾਨੀ ਫ਼ਿਲਮਾਂ ਅਜੇ ਸ਼ੁਰੂ ਨਹੀਂ ਸੀ ਹੋਈਆਂ ਜਾਂ ਬਹੁਤ ਥੋੜ੍ਹੀਆਂ ਸਨ ਅਤੇ ਉਨ੍ਹਾਂ ਦੇ ਗੀਤ ਵੀ ਐਨੇ ਮਕਬੂਲ ਨਹੀਂ ਹੋਏ ਸਨ। ਫਰਮਾਇਸ਼ ਕਰਤਾ ਪੋਸਟ ਕਾਰਡ 'ਤੇ ਲਿਖ ਕੇ ਆਪਣੀ ਪਸੰਦ ਰੇਡੀਓ ਸਟੇਸ਼ਨ ਨੂੰ ਭੇਜਦੇ ਸਨ ਅਤੇ ਆਪਣੇ ਨਾਂ ਦੀ ਉਡੀਕ ਵਿਚ ਸਾਰਾ ਪ੍ਰੋਗਰਾਮ ਸੁਣਦੇ ਸਨ। ਫਰਮਾਇਸ਼ਾਂ ਦੀ ਲਿਸਟ ਵੀ ਪੰਜਾਹ-ਪੰਜਾਹ ਤਕ ਦੀ ਹੋ ਜਾਂਦੀ ਸੀ। ਅਮੀਨ ਸਾਇਨੀ ਦਾ ਬਹੁਤ ਮਕਬੂਲ ਪ੍ਰੋਗਰਾਮ 'ਬਿਨਾਕਾ ਗੀਤ ਮਾਲਾ' ਜੋ ਕਿ ਰੇਡੀਓ ਸੀਲੋਨ ਤੋਂ ਪ੍ਰਸਾਰਿਤ ਹੁੰਦਾ ਸੀ, ਸਾਡੇ ਹਮਾਤੜ ਜਿਹੇ ਸੈੱਟ 'ਤੇ ਨਹੀਂ ਸੀ ਸੁਣਿਆ ਜਾ ਸਕਦਾ। ਫਿਰ 1952 ਦੇ ਕਰੀਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿੱਕੇ ਨਿੱਕੇ ਜੱਥੇ ਗੁਰਧਾਮਾਂ ਦੇ ਦਰਸ਼ਨ ਅਤੇ ਸੇਵਾ ਸੰਭਾਲ ਲਈ ਪਾਕਿਸਤਾਨ ਜਾਣੇ ਸ਼ੁਰੂ ਹੋਏ। ਸਭ ਤੋਂ ਪਹਿਲਾਂ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਤੋਂ ਗੁਰਬਾਣੀ ਕੀਰਤਨ ਪੇਸ਼ ਕਰਨ ਦਾ ਖ਼ਾਸ ਪ੍ਰਬੰਧ ਹੋਇਆ। ਅਸਲ 'ਚ ਉਦੋਂ ਟੈਲੀਫੋਨ ਦੀਆਂ ਤਾਰਾਂ ਰਾਹੀਂ ਇਹ ਪ੍ਰੋਗਰਾਮ ਜਲੰਧਰ ਜਾਂਦੇ ਸਨ ਅਤੇ ਉੱਥੋਂ ਪ੍ਰਸਾਰਿਤ ਹੁੰਦੇ ਸਨ, ਸਵੇਰੇ ਸਵੇਰੇ ਦੂਸਰੇ ਪ੍ਰੋਗਰਾਮਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ। ਫੇਰ ਉਚੇਚਾ ਸਮਾਂ ਮਿਲਣ ਲੱਗਾ। ਨਨਕਾਣੇ ਸਾਹਿਬ ਤੋਂ ਵੀ ਕੀਰਤਨ ਸੁਣਨ ਦਾ ਸੁਭਾਗ ਸੰਗਤਾਂ ਨੂੰ ਪ੍ਰਾਪਤ ਹੋਇਆ। ਸਰੋਤੇ ਸਵੇਰੇ ਅੰਮ੍ਰਿਤ ਵੇਲੇ ਨਹਾ ਧੋ ਕੇ, ਚੌਂਕੜੀ ਮਾਰ ਕੇ ਇਹ ਪਵਿੱਤਰ ਕੀਰਤਨ ਸੁਣਦੇ ਸਨ। ਰਾਗੀ ਵੀ ਗੁਰਬਾਣੀ ਵਿਚ ਭਿੱਜ ਕੇ ਕੀਰਤਨ ਕਰਦੇ ਸਨ। ਮੈਨੂੰ ਯਾਦ ਹੈ ਭਾਜੀ ਨੇ ਡਿਓੜੀ ਚੰਗੀ ਤਰ੍ਹਾਂ ਧੋ ਕੇ, ਬਾਹਰ ਥੜ੍ਹੇ 'ਤੇ ਸਟੂਲ ਰੱਖ ਕੇ, ਉੱਤੇ ਰੇਡੀਓ ਸਜਾ ਦਿੱਤਾ। ਸਾਡਾ ਬਾਜ਼ਾਰ ਮਸਾਂ ਪੰਦਰਾਂ ਫੁੱਟ ਚੌੜਾ ਸੀ ਅਤੇ ਆਵਾਜਾਈ ਏਨੀ ਨਹੀਂ ਸੀ ਹੁੰਦੀ। ਦਰਬਾਰ ਸਾਹਿਬ ਜਾਣ ਵਾਲੀਆਂ ਸੰਗਤਾਂ ਅਣਕਿਆਸੇ ਥਾਂ ਤੋਂ ਸਵੇਰੇ ਸਵੇਰੇ ਕੀਰਤਨ ਸੁਣ ਕੇ ਨਿਹਾਲ ਵੀ ਹੁੰਦੀਆਂ ਅਤੇ ਹੈਰਾਨ ਵੀ। ਕਈ ਬੀਬੀਆਂ ਤਾਂ ਰੇਡੀਓ ਨੂੰ ਮੱਥਾ ਵੀ ਟੇਕਦੀਆਂ ਸਨ। ਅਰਦਾਸ ਹਰ ਕੋਈ ਖੜ੍ਹੇ ਹੋ ਕੇ, ਕਈ ਤਾਂ ਜੁੱਤੀ ਲਾਹ ਕੇ ਸੁਣਦੇ ਸਨ। ਅੱਜ ਹਾਲਾਤ ਹੋਰ ਹਨ। ਕੀਰਤਨ ਦਾ ਪੱਧਰ ਬਹੁਤ ਹੀ ਉੱਚਾ ਹੋ ਚੁੱਕਾ ਹੈ। ਵਿਲੱਖਣਤਾ ਬਹੁਤ ਹੈ। ਇਕ ਤੋਂ ਇਕ ਰਾਗੀ ਆਪਣੀ ਸੰਗੀਤਕ ਮੁਹਾਰਤ ਪੇਸ਼ ਕਰਕੇ ਜੱਸ ਖੱਟਦੇ ਹਨ। ਸੰਗੀਤਕ ਯੰਤਰ ਐਨੇ ਮਹਿੰਗੇ ਅਤੇ ਵਧੀਆ ਆ ਗਏ ਹਨ ਕਿ ਮਧੁਰਤਾ ਸੁਣਦਿਆਂ ਹੀ ਬਣਦੀ ਹੈ। ਥਾਂ ਥਾਂ ਕੀਰਤਨ ਦਰਬਾਰ ਕੀਤੇ ਮਿਲਦੇ ਹਨ, ਪਰ ਲਾਊਡ ਸਪੀਕਰਾਂ ਦੀ ਬੇਤਹਾਸ਼ਾ ਗਿਣਤੀ ਅਤੇ ਡੀਜੇ ਦੀ ਅਣਚਾਹੀ ਆਵਾਜ਼ ਕੰਨਾਂ ਦੀ ਸੁਣਨ ਸ਼ਕਤੀ ਅਤੇ ਸਹਿਣ ਸ਼ਕਤੀ ਤੋਂ ਪਾਰ ਹੋ ਜਾਂਦੀ ਹੈ। ਅੰਮ੍ਰਿਤ ਵੇਲੇ ਦਾ ਕੀਰਤਨ ਰਾਗੀ ਜੱਥੇ ਦੇ ਸਮੀਪ ਬੈਠ ਕੇ ਸੁਣਨ ਦਾ ਆਨੰਦ ਆਪਣਾ ਹੈ। ਹਰ ਖੰਭੇ ਨਾਲ ਲੱਗੇ ਸਪੀਕਰ ਪਤਾ ਨਹੀਂ ਕਿਸਨੂੰ ਭਰਮਾਉਂਦੇ ਹੋਣਗੇ। ਕੀਰਤਨ ਦੇ ਫੈਲਾਅ ਦੇ ਚਾਅ ਵਿਚ ਉਹ ਸ਼ਰਧਾ ਅਤੇ ਸ਼ਾਂਤੀ ਗੁੰਮ ਹੈ। ਸਭ ਕੁਝ ਸਪੀਕਰ ਅਤੇ ਤਕਨਾਲੋਜੀ ਦੀ ਭੇਟ ਚੜ੍ਹ ਚੁੱਕਾ ਹੈ।

# ਮੀਡੀਆ ਦੀ ਆਜ਼ਾਦੀ ਅਤੇ ਸਰਕਾਰੀ ਤੰਤਰ



ਕੁਝ ਸਾਲ ਪਹਿਲਾਂ ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਵੱਲੋਂ 'ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵੱਲੋਂ ਪੱਤਰਕਾਰੀ ਕਰਨ ਸਬੰਧੀ' ਵਿਸ਼ੇ ਤਹਿਤ ਅਜਿਹਾ ਪੱਤਰ ਜਾਰੀ ਕੀਤਾ ਗਿਆ, ਜਿਸ ਵਿਚ ਸਬੰਧਤ ਮਹਿਕਮੇ ਦੇ ਮੁਲਾਜ਼ਮਾਂ ਨੂੰ ਕਿਤਾਬ ਛਪਵਾਉਣ, ਸੰਪਾਦਕ ਦੀ ਡਾਕ ਆਪਣੇ ਜਾਂ ਦੂਜੇ ਦੇ ਨਾਂ ਹੇਠ ਛਪਵਾਉਣ ਤੋਂ ਬਿਨਾਂ ਮਨਭਾਉਂਦੇ ਵਿਸ਼ੇ 'ਤੇ ਰਚਨਾਵਾਂ ਲਿਖਣ 'ਤੇ ਵੀ ਰੋਕ ਲਗਾਉਣ ਦੇ ਨਾਲ-ਨਾਲ ਕੁਝ ਚੋਣਵੇਂ ਵਿਸ਼ਿਆਂ 'ਤੇ ਹੀ ਲਿਖਣ ਦੇ ਹੁਕਮ ਦਿੱਤੇ ਗਏ ਸਨ। ਹੁਣ ਇੰਨੇ ਸਾਲਾਂ ਬਾਅਦ ਸਿੱਖਿਆ ਵਿਭਾਗ ਨੇ ਮੁੜ 8 ਨਵੰਬਰ ਨੂੰ ਪੱਤਰ ਜਾਰੀ ਕੀਤਾ ਕਿ ਸਿੱਖਿਆ ਵਿਭਾਗ ਦੇ ਮੁਲਾਜ਼ਮ ਅਧਿਕਾਰੀਆਂ ਤੋਂ ਪਹਿਲਾਂ ਪ੍ਰਵਾਨਗੀ ਲਏ ਬਗੈਰ ਪ੍ਰਿੰਟ ਅਤੇ ਬਿਜਲਈ ਮੀਡੀਆ ਦੇ ਸੰਪਾਦਨ ਜਾਂ ਪ੍ਰਬੰਧਕੀ ਵਿਵਸਥਾ ਵਿਚ ਭਾਗ ਨਾ ਲੈਣ। ਇਸ ਨਿਯਮ ਮੁਤਾਬਕ ਜੇਕਰ ਪ੍ਰਸਾਰਨ, ਲੇਖ ਨਿਰੋਲ ਸਾਹਿਤਕ, ਵਿਗਿਆਨਕ, ਕਲਾਤਮਕ ਹੋਵੇ ਤਾਂ ਇਸਨੂੰ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਹੈ।

ਪੱਤਰਕਾਰੀ ਇਕ ਜ਼ਿੰਮੇਵਾਰਾਨਾ ਪੇਸ਼ਾ ਹੈ। ਸਰਕਾਰੀ ਕਰਮਚਾਰੀਆਂ ਵੱਲੋਂ ਕੀਤੇ ਜਾ ਰਹੇ ਇਸ ਕਾਰਜ 'ਤੇ ਸਰਕਾਰ ਵੱਲੋਂ ਰੋਕ ਲਗਾਉਣਾ ਚੰਗਾ ਕਦਮ ਤਾਂ ਕਿਹਾ ਜਾ ਸਕਦਾ ਹੈ, ਪਰ ਨਾਲ ਹੀ ਸਿੱਖਿਆ ਮੁਲਾਜ਼ਮਾਂ ਵਾਸਤੇ ਆਵਾਜ਼ ਅਤੇ ਕਲਮ ਰਾਹੀਂ ਆਪਣੇ ਵਿਚਾਰ ਪ੍ਰਗਟਾਉਣ 'ਤੇ ਲਗਾਈ ਗਈ ਬੰਦਿਸ਼ ਪੁਨਰ ਪੜਚੋਲ ਦੀ ਮੰਗ ਕਰਦੀ ਹੈ ਕਿਉਂਕਿ ਇਸ ਗੱਲ ਤੋਂ ਪਾਸਾ ਨਹੀਂ ਵੱਟਿਆ ਜਾ ਸਕਦਾ ਕਿ ਰਚਨਾ ਦੇ ਸਾਹਿਤਕ, ਵਿਗਿਆਨਕ ਅਤੇ ਕਲਾਤਮਕ ਹੋਣ ਦੀ ਪਰਿਭਾਸ਼ਾ ਨੂੰ ਸਪੱਸ਼ਟ ਕਰ ਪਾਉਣਾ ਸਰਕਾਰੀ ਤੰਤਰ ਵਿਚ ਆਸਾਨ ਹੋਵੇਗਾ।

ਸਰਕਾਰੀ ਤੰਤਰ ਵੱਲੋਂ ਮੀਡੀਆ ਦੀ ਆਜ਼ਾਦੀ, ਲੋਕਾਂ ਦੀ ਆਵਾਜ਼ ਨੂੰ ਦਬਾਉਣ ਦਾ ਇਤਿਹਾਸ ਬਹੁਤ ਪੁਰਾਣਾ ਹੈ। 1975 ਵਿਚ ਸਰਕਾਰ ਨੇ ਪ੍ਰਿੰਟ ਮੀਡੀਆ ਨੂੰ ਸੈਂਸਰਸ਼ਿਪ ਦੀਆਂ ਜ਼ੰਜੀਰਾਂ ਵਿਚ ਜਕੜ ਦਿੱਤਾ, ਉਦੋਂ ਨਿੱਜੀ ਬ੍ਰਾਡਕਾਸਟਿੰਗ ਚੈਨਲ ਹੋਂਦ ਵਿਚ ਨਹੀਂ ਆਏ ਸਨ। ਬਿਜਲਈ ਮੀਡੀਆ ਤਹਿਤ ਉਸ ਵੇਲੇ ਸਿਰਫ਼ ਦੂਰਦਰਸ਼ਨ ਅਤੇ ਆਕਾਸ਼ਵਾਣੀ ਹੀ ਸੂਚਨਾ-ਸੰਚਾਰ ਦੇ ਮਾਧਿਅਮ ਸਨ, ਜਿਨ੍ਹਾਂ ਦੀ ਜੀਭ ਨਿਯਮਾਂ ਦੀ ਸੂਈ ਨਾਲ ਇਸ ਤਰ੍ਹਾਂ ਗੰਢੀ ਹੋਈ ਸੀ ਕਿ ਉਹ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਆਵਾਜ਼ ਵੀ ਨਹੀਂ ਕੱਢ ਸਕਦੇ ਸਨ। ਸੈਂਸਰਸ਼ਿਪ ਲੱਗਦਿਆਂ ਹੀ ਅਖ਼ਬਾਰਾਂ ਦੇ ਸੰਪਾਦਕ ਸਿਰਫ਼ ਨਾਂ ਦੇ ਹੀ ਸੰਪਾਦਕ ਬਣ ਕੇ ਰਹਿ ਗਏ ਸਨ।

ਇਸ ਘਟਨਾ ਨੂੰ ਵਾਪਰੇ ਤਕਰੀਬਨ ਚਾਰ ਦਹਾਕੇ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਇਸਤੋਂ ਬਾਅਦ ਬੇਸ਼ੱਕ ਸਰਕਾਰ ਨੇ ਮੀਡੀਆ ਦੀ ਆਜ਼ਾਦੀ 'ਤੇ ਸਿੱਧੀ ਸੈਂਸਰਸ਼ਿਪ ਦਾ ਪਹਿਰਾ ਤਾਂ ਨਹੀਂ ਲਗਾਇਆ, ਪਰ ਅਸਿੱਧੇ ਰੂਪ ਵਿਚ ਮੀਡੀਆ, ਖ਼ਾਸ ਕਰ ਮੀਡੀਆ ਦੇ ਉਸ ਹਿੱਸੇ ਜੋ ਇਸ ਦੇ ਕਾਲੇ ਕਾਰਨਾਮਿਆਂ ਦੀਆਂ ਪਰਤਾਂ ਫਰੋਲਣ ਦੀ ਤਾਂਘ ਵਿਚ ਹੁੰਦਾ ਹੈ, ਦੀ ਆਵਾਜ਼ ਨੂੰ ਹਰ ਹੀਲੇ ਦਬਾਉਣ ਦੀ ਕੋਸ਼ਿਸ਼ ਜ਼ਰੂਰ ਕਰਦੀ ਰਹੀ ਹੈ।

ਸੋਸ਼ਲ ਮੀਡੀਆ ਜਿਸ ਨੂੰ ਆਮ ਬੰਦੇ ਦੀ ਆਵਾਜ਼ ਦਾ ਮੰਚ ਆਖਿਆ ਜਾਂਦਾ ਹੈ, 'ਤੇ ਜਦੋਂ ਸਰਕਾਰ ਦੀਆਂ ਭ੍ਰਿਸ਼ਟ ਕਰਤੂਤਾਂ 'ਤੇ ਜਨਤਕ ਵਿਚਾਰ-ਚਰਚਾ ਹੋਣ ਲੱਗੀ ਤਾਂ ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਅਜਿਹੇ ਭ੍ਰਿਸ਼ਟਾਚਾਰ ਨੂੰ ਨਕੇਲ ਪਾਉਣ ਦੀ ਬਜਾਏ ਸਰਕਾਰ ਉਲਟਾ ਸੋਸ਼ਲ ਮੀਡੀਆ ਨੂੰ ਆਪਣੇ ਕਬਜ਼ੇ ਵਿਚ ਲਿਆਉਣ ਦੀਆਂ ਚਾਲਾਂ ਚੱਲਣ ਲੱਗੀ। 'ਸੂਚਨਾ-ਤਕਨਾਲੋਜੀ ਕਾਨੂੰਨ, 2008' ਵਿਚ ਸਰਕਾਰ ਵੱਲੋਂ ਅਜਿਹੀਆਂ ਸੋਧਾਂ ਕਰਨ ਦੀਆਂ ਵਿਚਾਰਾਂ ਕੀਤੀਆਂ ਜਾਣ ਲੱਗੀਆਂ ਜਿਸ ਨਾਲ ਇਹ ਆਮ ਬੰਦੇ ਦੀ ਆਵਾਜ਼ ਦਾ ਮੰਚ ਨਾ ਰਹਿ ਕੇ ਸਰਕਾਰ ਦੇ ਇਸ਼ਾਰਿਆਂ ਦਾ ਗ਼ੁਲਾਮ ਬਣ ਜਾਵੇ। ਸਰਕਾਰ ਦੇ ਇਨ੍ਹਾਂ ਵਿਚਾਰਾਂ ਖ਼ਿਲਾਫ਼ ਮੀਡੀਆ ਅਤੇ ਲੋਕਾਂ ਦੀ ਆਵਾਜ਼ ਲਗਾਤਾਰ ਸਮੇਂ-ਸਮੇਂ ਉੱਠਦੀ ਰਹੀ ਹੈ। ਅਪਰੈਲ, 2012 ਵਿਚ ਕਾਨਪੁਰ ਦੇ ਰਹਿਣ ਵਾਲੇ ਅਸੀਮ ਤ੍ਰਿਵੇਦੀ ਨਾਂ ਦੇ ਕਾਰਟੂਨਿਸਟ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇੰਟਰਨੈੱਟ ਦੀ ਆਜ਼ਾਦੀ ਦੇ ਪੱਖ ਵਿਚ ਸਾਬਕਾ ਸੰਚਾਰ ਮੰਤਰੀ ਕਪਿੱਲ ਸਿੱਬਲ ਨੂੰ ਆਧਾਰ ਬਣਾ ਕੇ ਇਕ ਮੁਹਿੰਮ ਵਿੱਢੀ ਸੀ। ਉਸ ਸਮੇਂ ਤਾਂ ਸਰਕਾਰ ਨੇ ਇਨ੍ਹਾਂ ਦੇ ਵਧਦੇ ਕਦਮਾਂ ਦਾ ਕੌੜਾ ਘੁੱਟ ਭਰ ਲਿਆ, ਪਰ ਇਸ ਤੋਂ ਪੰਜ ਮਹੀਨਿਆਂ ਪਿੱਛੋਂ ਸਰਕਾਰ ਨੇ ਇਸ ਕਾਰਟੂਨਿਸਟ ਨੂੰ ਆਈ.ਪੀ.ਸੀ. ਦੀ ਧਾਰਾ 124 ਏ ਤਹਿਤ ਰਾਜ-ਧ੍ਰੋਹ, ਸੂਚਨਾ ਤਕਨਾਲੋਜੀ ਦੀ ਧਾਰਾ 66 ਏ, ਰਾਸ਼ਟਰੀ ਪ੍ਰਤੀਕਾਂ ਦੇ ਅਪਮਾਨ-ਰੋਕੂ ਕਾਨੂੰਨ ਦੀ ਧਾਰਾ 2 ਆਦਿ ਦੋਸ਼ਾਂ ਦੇ ਆਧਾਰ 'ਤੇ ਇਹ ਆਖ ਕੇ ਪੁਲੀਸ ਹਿਰਾਸਤ 'ਚ ਲੈ ਲਿਆ ਕਿ ਦਸੰਬਰ, 2011 ਵਿਚ ਮੁੰਬਈ ਵਿਚ ਹੋਈ ਅੰਨਾ ਹਜ਼ਾਰੇ ਦੀ ਰੈਲੀ ਵਿਚ ਇਸ ਕਾਰਟੂਨਿਸਟ ਨੇ ਬੈਨਰਾਂ 'ਤੇ ਅਜਿਹੇ ਕਾਰਟੂਨ ਬਣਾ ਕੇ ਪ੍ਰਦਰਸ਼ਤ ਕੀਤੇ ਜਿਨ੍ਹਾਂ ਵਿਚ ਸੰਵਿਧਾਨ ਦਾ ਅਪਮਾਨ ਹੋਇਆ ਸੀ। ਮੀਡੀਆ ਦੇ ਖੇਤਰ ਵਿਚ ਇਹ ਪਹਿਲੀ ਵਾਰ ਵਾਪਰਿਆ, ਜਦੋਂ ਕਿਸੇ ਕਾਰਟੂਨਿਸਟ 'ਤੇ ਦੇਸ਼-ਧ੍ਰੋਹ ਦਾ ਦੋਸ਼ ਲਗਾਇਆ ਗਿਆ ਹੋਵੇ। ਇਸ ਤੋਂ ਪਹਿਲਾਂ 1975 ਵਿਚ ਮੀਡੀਆ ਸੈਂਸਰਸ਼ਿਪ, 1992 ਬਾਬਰੀ ਮਸਜਿਦ, 1993 ਮੁੰਬਈ ਦੰਗੇ, 2002 ਗੁਜਰਾਤ ਦੰਗੇ ਜਿਹੇ ਮੌਕੇ ਅਬੂ ਅਬਰਾਹਿਮ, ਈ.ਪੀ. ਉਨੇ, ਆਰ. ਕੇ. ਲਕਸ਼ਮਣ, ਸੁਧੀਰ ਤੇਲੰਗ ਜਿਹੇ ਮਕਬੂਲ ਕਾਰਟੂਨਿਸਟ ਰਾਜਨੀਤਕ ਵਿਅੰਗ ਕਰਦੇ ਕਾਰਟੂਨ ਬਣਾਉਂਦੇ ਰਹੇ, ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਕਦੀ ਵੀ ਭਾਰਤ ਲਈ ਖ਼ਤਰੇ ਦੇ ਰੂਪ ਵਿਚ ਨਹੀਂ ਗਰਦਾਨਿਆ ਗਿਆ।

ਪੱਛਮੀ ਬੰਗਾਲ ਵਿਖੇ ਕੁਝ ਸਾਲ ਪਹਿਲਾਂ ਮਮਤਾ ਬੈਨਰਜੀ ਨੇ ਮੁੱਖ ਮੰਤਰੀ ਦੀ ਕੁਰਸੀ ਸੰਭਾਲਣ ਪਿੱਛੋਂ ਇਹ ਐਲਾਨ ਕਰ ਦਿੱਤਾ ਕਿ ਸਰਕਾਰ ਇਹ ਨਿਰਧਾਰਤ ਕਰੇਗੀ ਕਿ ਸਰਕਾਰੀ ਲਾਇਬ੍ਰੇਰੀਆਂ ਵਿਚ ਕਿਹੜੇ-ਕਿਹੜੇ ਅਖ਼ਬਾਰ ਆਉਣਗੇ ਅਤੇ ਕਿਹੜੇ ਨਹੀਂ। ਸਰਕਾਰ ਨੇ ਕਲਕੱਤਾ ਤੋਂ ਛਪਣ ਵਾਲੇ ਅਜਿਹੇ ਅੱਠ ਅਖ਼ਬਾਰਾਂ ਨੂੰ ਹੀ ਲਾਇਬ੍ਰੇਰੀਆਂ ਵਿਚ ਆਉਣ ਦੀ ਆਗਿਆ ਦਿੱਤੀ ਜੋ ਉਨ੍ਹਾਂ ਦੀ ਸਰਕਾਰ ਦੀ ਸੁਰ ਵਿਚ ਸੁਰ ਮਿਲਾਉਂਦੀਆਂ ਸਨ।

ਸਿਰਫ਼ ਆਜ਼ਾਦ ਭਾਰਤ ਦੀ ਸਰਕਾਰ ਨੇ ਹੀ ਨਹੀਂ ਬਲਕਿ ਅੰਗਰੇਜ਼ੀ ਹਕੂਮਤ ਦੇ ਸਮੇਂ ਤੋਂ ਹੀ ਅਜਿਹਾ ਹੁੰਦਾ ਆ ਰਿਹਾ ਹੈ। ਅੰਗਰੇਜ਼ੀ ਸਰਕਾਰ ਨੇ ਕਈ ਅਜਿਹੇ ਕਾਨੂੰਨ ਘੜੇ ਜਿਸ ਨਾਲ ਲਾਲਾ ਲਾਜਪਤ ਰਾਏ, ਲੋਕਮਾਨਿਆ ਤਿਲਕ, ਮੌਲਾਨਾ ਆਜ਼ਾਦ ਜਿਹੇ ਪੱਤਰਕਾਰਾਂ ਨੂੰ ਵੀ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਨੇ ਤਾਂ ਭਾਵੇਂ ਉਪਰੋਕਤ ਪੱਤਰਕਾਰਾਂ ਨੂੰ ਕੁਝ ਸਮੇਂ ਪਿੱਛੋਂ ਰਿਹਾਅ ਕਰ ਦਿੱਤਾ ਸੀ, ਪਰ ਆਜ਼ਾਦ ਭਾਰਤ ਦੀ ਸਰਕਾਰ ਨੇ ਜੋ ਸਲੂਕ ਲੋਕ-ਪੱਖੀ ਪੱਤਰਕਾਰ ਸੀਮਾ ਅਜ਼ਾਦ ਅਤੇ ਵਿਸ਼ਵ ਵਿਜੇ ਨਾਲ ਕੀਤਾ, ਉਸ ਨੇ ਮਨੁੱਖ ਨੂੰ ਆਪਣੇ ਵਿਚਾਰ ਪ੍ਰਗਟਾਉਣ, ਮਨ-ਪਸੰਦ ਦਾ ਸਾਹਿਤ ਪੜ੍ਹਨ/ਰੱਖਣ ਦੀ ਆਜ਼ਾਦੀ ਦੇ ਨਾਲ-ਨਾਲ ਲੋਕ-ਪੱਖੀ ਪੱਤਰਕਾਰੀ ਦਾ ਵੀ ਘਾਣ ਕੀਤਾ। 2010 ਵਿਚ ਉੱਤਰ ਪ੍ਰਦੇਸ਼ ਦੇ ਇਨ੍ਹਾਂ ਪੱਤਰਕਾਰਾਂ 'ਤੇ ਸਰਕਾਰ ਨੇ ਮਾਓਵਾਦੀ ਸਾਹਿਤ ਰੱਖਣ, ਮੁਲਕ ਖ਼ਿਲਾਫ਼ ਸਾਜ਼ਿਸ਼ ਰਚਣ ਜਿਹੇ ਦੋਸ਼ਾਂ ਤਹਿਤ ਦੇਸ਼-ਧ੍ਰੋਹ ਦਾ ਰੁਤਬਾ ਦੇ ਕੇ ਉਮਰ ਕੈਦ ਕਰ ਦਿੱਤੀ। ਅਸਲ ਵਿਚ ਸੀਮਾ ਆਜ਼ਾਦ ਨੂੰ ਇਹ ਸਜ਼ਾ ਮਾਓਵਾਦੀ ਸਾਹਿਤ ਰੱਖਣ ਜਾਂ ਹੋਰ ਕਾਰਨਾਂ ਕਰ ਕੇ ਨਹੀਂ, ਸਗੋਂ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਤੋਂ ਪਰਦਾ ਚੁੱਕਣ ਕਰ ਕੇ ਮਿਲੀ ਸੀ।

ਸਰਕਾਰ ਸਿਰਫ਼ ਪ੍ਰਿੰਟ ਜਾਂ ਬਿਜਲਈ ਮੀਡੀਆ ਦੀ ਆਜ਼ਾਦੀ 'ਤੇ ਹੀ ਨਹੀਂ, ਸਗੋਂ ਸੰਚਾਰ ਦੇ ਪਰੰਪਰਾਗਤ ਮਾਧਿਅਮਾਂ 'ਤੇ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਚੇਪੀ ਲਗਾਉਂਦੀ ਰਹੀ ਹੈ। ਉਸ ਵੱਲੋਂ ਅਜਿਹੀ ਮਿਸਾਲ ਜੂਨ, 2011 ਵਿਚ ਝਾਰਖੰਡ ਦੇ ਲੋਕ ਗਾਇਕ ਜਤਿਨ ਮਰਾਂਡੀ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਦਿੱਤੀ ਗਈ। ਜਤਿਨ ਅਜਿਹਾ ਲੋਕ ਗਾਇਕ ਹੈ ਆਪਣੇ ਲਿਖੇ ਗੀਤਾਂ ਅਤੇ ਨਾਟਕਾਂ ਦਾ ਜਾਮਾ ਪਵਾ ਕੇ ਲੋਕਾਂ ਨੂੰ ਸਰਕਾਰ ਦੇ ਕਾਲੇ ਕਾਰਨਾਮਿਆਂ ਅਤੇ ਸਮਾਜਿਕ ਕਾਣੀ ਵੰਡ ਪ੍ਰਤੀ ਜਾਗਰੂਕ ਕਰਦਾ ਸੀ, ਜੋ ਉੱਥੋਂ ਦੀ ਸਰਕਾਰ ਨੂੰ ਚੁੱਭਦਾ ਸੀ। 26 ਅਕਤੂਬਰ, 2007 ਨੂੰ ਹੋਏ ਗੋਲੀ ਕਾਂਡ ਜਿਸ ਵਿਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਦੇ ਪੁੱਤਰ ਅਨੂਪ ਮਰਾਂਡੀ ਸਮੇਤ ਕਈ ਲੋਕ ਮਾਰੇ ਗਏ ਸਨ, ਵਿਚ ਜਤਿਨ ਮਰਾਂਡੀ ਨੂੰ ਮਾਓਵਾਦੀ ਆਖ ਕੇ ਝੂਠੇ ਕੇਸ ਵਿਚ ਫਸਾ ਦਿੱਤਾ ਸੀ।

ਬੋਲਣ ਦੀ ਅਜ਼ਾਦੀ ਮਨੁੱਖ ਦਾ ਸੰਵਿਧਾਨਕ ਹੀ ਨਹੀਂ, ਸਗੋਂ ਸਮਾਜਿਕ ਅਧਿਕਾਰ ਵੀ ਹੈ। ਜਿੱਥੋਂ ਤਕ ਮੀਡੀਆ ਦੀ ਆਜ਼ਾਦੀ ਦੀ ਗੱਲ ਹੈ, ਇਸ ਲਈ ਸੰਵਿਧਾਨ ਵਿਚ ਕਿਸੇ ਵਿਸ਼ੇਸ਼ ਅਧਿਕਾਰ ਦਾ ਪ੍ਰਬੰਧ ਨਹੀਂ ਕੀਤਾ ਗਿਆ, ਸਗੋਂ ਇਸ ਨੂੰ ਵੀ ਬੋਲਣ ਦੇ ਅਧਿਕਾਰ 19 (1) ਏ ਤਹਿਤ ਵਿਚਾਰਿਆ ਜਾਂਦਾ ਹੈ। ਬੇਸ਼ੱਕ ਬੇਲਗਾਮ ਆਜ਼ਾਦੀ ਸਮਾਜਿਕ ਵਿਵਸਥਾ ਨੂੰ ਪ੍ਰਭਾਵਿਤ ਕਰ ਸਕਦੀ ਹੈ, ਪਰ ਉਹ ਲਿਖਤਾਂ ਜਾਂ ਵਿਚਾਰ ਜੋ ਮੁਲਕ ਅਤੇ ਲੋਕਾਂ ਦੇ ਹਿੱਤ ਵਿਚ ਹੋਣ, ਨੂੰ ਕਾਨੂੰਨ ਵਿਚ ਚੋਰ-ਮੋਰੀਆਂ ਰੱਖ ਕੇ ਦਬਾਉਣ ਦੀ ਕੋਸ਼ਿਸ਼ ਕਰਨਾ ਵੀ ਇਕ ਤਰ੍ਹਾਂ ਨਾਲ ਅਪਰਾਧ ਹੀ ਹੈ। ਜਿੱਥੇ ਲੋਕਾਂ ਦੇ ਸੰਵਿਧਾਨਕ ਹੱਕਾਂ 'ਤੇ ਡਾਕੇ ਮਾਰ ਕੇ ਦਿਲ ਦੀ ਗੱਲ ਆਖਣ ਵਾਲੇ ਬੁੱਲ੍ਹਾਂ ਨੂੰ ਜਬਰੀ ਸੀਅ ਦਿੱਤਾ ਜਾਂਦਾ ਹੋਵੇ, ਉਸ ਮੁਲਕ ਨੂੰ ਲੋਕਤੰਤਰ ਨਹੀਂ, ਸਗੋਂ ਰਾਜਤੰਤਰ ਹੀ ਆਖਿਆ ਜਾਣਾ ਬਣਦਾ ਹੈ।

# ਲੋਕ ਸੰਘਰਸ਼ ਦੀ ਜਿੱਤ ਦੇ ਅਰਥ



**ਜਮਹੂਰੀ ਹਲਕਿਆਂ ਲਈ ਵੀ ਇਕ ਪੱਖ ਵਿਸ਼ੇਸ਼ ਕਰਕੇ ਗੌਰ ਕਰਨਯੋਗ ਹੈ। ਇਸ ਮੰਗ ਦਾ ਤੱਤ ਜਮਹੂਰੀ ਸੀ। ਮਨਜੀਤ ਦੀ ਰਿਹਾਈ ਰਾਹੀਂ ਸੰਘਰਸ਼ ਕਰਨ ਦਾ ਹੱਕ ਪੁਗਾਉਣਾ ਲੋਕ ਸਰੋਕਾਰ ਦਾ ਮਸਲਾ ਸੀ। ਜਿਵੇਂ ਜਥੇਬੰਦ ਕਿਸਾਨ ਸ਼ਕਤੀ ਇਸ ਸੰਘਰਸ਼ ਦੀ ਕੰਗਰੋੜ ਬਣ ਕੇ ਨਿਭੀ ਹੈ ਉਹ ਦੱਸਦੀ ਹੈ ਕਿ ਸਾਡੇ ਸਮਾਜ 'ਚ ਜਮਹੂਰੀ ਚੇਤਨਾ ਗ੍ਰਹਿਣ ਕਰਨ ਦਾ ਅਮਲ ਲੋਕਾਂ ਦੇ ਆਪਣੇ ਰੋਜ਼ਮਰ੍ਹਾ ਦੇ ਸੰਘਰਸ਼ਾਂ ਨਾਲ ਜੁੜ ਕੇ ਹੀ ਅੱਗੇ ਵਧਦਾ ਹੈ। ਕਿਸਾਨ ਜਨ-ਸਮੂਹਾਂ ਨੇ ਇਹ ਸੋਝੀ ਆਪਣੇ ਬੀਤੇ ਦਹਾਕਿਆਂ ਦੇ ਸੰਘਰਸ਼ ਅਮਲਾਂ ਦੌਰਾਨ ਹਾਸਲ ਕੀਤੀ ਹੈ। ਇਨ੍ਹਾਂ ਸੰਘਰਸ਼ਾਂ ਰਾਹੀਂ ਹੀ ਲੋਕ ਆਪਣੇ ਹੋਰਨਾਂ ਹੱਕਾਂ ਦੇ ਨਾਲ ਨਾਲ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਵੀ ਬੁਲੰਦ ਕਰਨ ਦਾ ਮਹੱਤਵ ਗ੍ਰਹਿਣ ਕਰਦੇ ਹਨ। ਇਸ ਲਈ ਜਮਹੂਰੀ ਹੱਕਾਂ ਦੀ ਲਹਿਰ, ਸਾਡੇ ਸਮਾਜ 'ਚ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਸੰਘਰਸ਼ਸ਼ੀਲ ਲਹਿਰ ਦਾ ਬਹੁਤ ਗੁੰਦਵਾਂ ਅੰਗ ਬਣਦੀ ਹੈ**

ਮਹਿਲ ਕਲਾਂ ਲੋਕ ਸੰਘਰਸ਼ ਦੇ ਮੋਹਰੀ ਆਗੂ ਮਨਜੀਤ ਧਨੇਰ ਦੀ ਜੇਲ੍ਹ 'ਚੋਂ ਹੋਈ ਰਿਹਾਈ ਪੰਜਾਬ ਦੇ ਸੰਘਰਸ਼ਸ਼ੀਲ ਲੋਕਾਂ ਦੀ ਅਹਿਮ ਪ੍ਰਾਪਤੀ ਹੈ। ਜਨ-ਸਧਾਰਨ ਜਿਵੇਂ ਇਸ ਪ੍ਰਾਪਤੀ 'ਤੇ ਫ਼ਖ਼ਰ ਮਹਿਸੂਸ ਕਰ ਰਹੇ ਹਨ, ਇਸਦਾ ਪੂਰਾ ਅੰਦਾਜ਼ਾ ਤਾਂ ਲੋਕ ਕਾਫਲੇ ਦੇ ਧੁਰ-ਅੰਦਰਲੇ ਵਾਹ ਨਾਲ ਹੀ ਬਣ ਸਕਦਾ ਹੈ ਕਿ ਕਿਰਤੀ ਲੋਕਾਈ ਵੱਲੋਂ ਸੱਚੇ ਕਾਜ ਲਈ ਸਮੂਹਿਕ ਘਾਲਣਾ ਘਾਲ ਕੇ ਆਪਣੀ ਹਸਤੀ ਦਾ ਪੈਦਾ ਹੋਇਆ ਅਹਿਸਾਸ ਲੋਕਾਂ ਲਈ ਕਿੰਨਾ ਸਕੂਨਦਾਇਕ ਹੁੰਦਾ ਹੈ ਤੇ ਸੱਚ ਦੇ ਰਾਹ 'ਤੇ ਅੱਗੇ ਵਧਣ ਲਈ ਇਸਦਾ ਕਿੰਨਾ ਮਹੱਤਵ ਹੁੰਦਾ ਹੈ। ਕਾਨੂੰਨ ਦੇ ਪਾਰਖੂਆਂ ਲਈ ਇਹ ਕੋਈ ਵੱਡਾ ਜਾਂ ਛੋਟਾ ਕਾਨੂੰਨੀ ਨੁਕਤਾ ਹੋ ਸਕਦਾ ਹੈ, ਪਰ ਭਾਰਤੀ ਰਾਜ ਪ੍ਰਬੰਧ ਦੀ ਮਸ਼ੀਨਰੀ ਦੇ ਵੱਖ ਵੱਖ ਅੰਗਾਂ ਦੇ ਕਿਰਦਾਰ ਤੇ ਵਿਹਾਰ ਬਾਰੇ ਸੁਚੇਤ ਹਲਕਿਆਂ ਲਈ ਇਹ ਮਾਣਮੱਤੀ ਪ੍ਰਾਪਤੀ ਤਾਂ ਹੈ ਹੀ, ਨਾਲ ਹੀ ਅਦਾਲਤ 'ਚੋਂ ਜਿੱਤ ਆਏ ਕੂੜ ਨੂੰ ਮਾਤ ਦੇਣ ਲਈ ਲੋਕਾਂ ਨੇ ਜੋ ਰਸਤਾ ਅਖ਼ਤਿਆਰ ਕੀਤਾ ਹੈ ਉਸਦਾ ਮਹੱਤਵ ਇਸ ਮੌਜੂਦਾ ਮਸਲੇ ਤੋਂ ਕਿਤੇ ਪਾਰ ਜਾਂਦਾ ਹੈ। ਇਸ ਜਿੱਤ ਦੇ ਅਰਥ ਇਸ ਲਈ ਡੂੰਘੇ ਹਨ ਕਿਉਂਕਿ ਇਹ ਪੰਜਾਬ ਦੀ ਕਿਰਤੀ ਲੋਕਾਈ ਦੀ ਮੌਜੂਦਾ ਹੋਣੀ ਤੇ ਭਵਿੱਖ ਦੇ ਸਵਾਲਾਂ ਦੇ ਜੁਆਬਾਂ ਤਕ ਜਾਣ ਦੀ ਸਮਰੱਥਾ ਰੱਖਦੇ ਹਨ। ਪੰਜਾਬੀਆਂ ਦੀ ਹੋਣੀ ਨੂੰ ਲੈ ਕੇ ਫਿਕਰਮੰਦ ਸੁਹਿਰਦ ਲੋਕਾਂ ਨੂੰ ਇਨ੍ਹਾਂ ਅਰਥਾਂ ਰਾਹੀਂ ਆਸ ਦੀਆਂ ਕਿਰਨਾਂ ਤਲਾਸ਼ਣ ਦਾ ਯਤਨ ਕਰਨਾ ਚਾਹੀਦਾ ਹੈ।

ਭਾਰਤੀ ਇਨਸਾਫ਼ ਪ੍ਰਣਾਲੀ 'ਚ ਮਿਲਦੀ ਬੇਇਨਸਾਫੀ ਮੁਲਕ ਦੀ ਕਿਰਤੀ ਜਮਾਤ ਰੋਜ਼ਾਨਾ ਹੱਡੀਂ ਹੰਢਾਉਂਦੀ ਆ ਰਹੀ ਹੈ ਤੇ ਅੰਗਰੇਜ਼ਾਂ ਵੇਲੇ ਤੋਂ ਇਹ ਦਸਤੂਰ ਤੁਰਿਆ ਆ ਰਿਹਾ ਹੈ। ਅਦਾਲਤਾਂ 'ਚ ਵਿਕਦਾ ਇਨਸਾਫ਼ ਲੋਕਾਂ ਨੇ ਆਏ ਦਿਨ ਆਪਣੀ ਪਹੁੰਚ ਤੋਂ ਦੂਰ ਹੁੰਦਾ ਤੱਕਿਆ ਹੈ। ਜਮਾਤੀ ਤੇ ਸਮਾਜਿਕ ਦਾਬੇ ਤੇ ਜਬਰ ਦਾ ਸ਼ਿਕਾਰ ਲੋਕਾਂ ਨੂੰ ਇਹ ਤਾਂ ਭਲੀਭਾਂਤ ਪਤਾ ਹੈ ਕਿ ਅਦਾਲਤਾਂ 'ਚੋਂ ਇਨਸਾਫ਼ ਕਿਨ੍ਹਾਂ ਨੂੰ ਮਿਲਦਾ ਹੈ। ਮਨਜੀਤ ਧਨੇਰ ਨੂੰ ਹਰ ਅਦਾਲਤ 'ਚੋਂ ਮਿਲੀ ਬੇਇਨਸਾਫੀ ਕਿਰਤੀ ਲੋਕਾਂ ਲਈ ਕੋਈ ਅਲੋਕਾਰਾ ਵਰਤਾਰਾ ਨਹੀਂ ਸੀ, ਇਹ ਤਾਂ ਲੋਕ ਮਨਾਂ 'ਚ ਡੂੰਘਾ ਵਸਿਆ ਹੀ ਹੋਇਆ ਹੈ, ਪਰ ਜੋ ਹੁਣ ਮਨਾਂ ਅੰਦਰ ਥਾਂ ਬਣਾ ਰਿਹਾ ਹੈ ਉਹ ਰਾਜ-ਭਾਗ ਦੀਆਂ ਬੇਇਨਸਾਫੀਆਂ ਤੋਂ ਆਪਣੀ ਸਵੈ-ਨਿਰਭਰ ਜਥੇਬੰਦਕ ਤਾਕਤ ਦੇ ਜ਼ੋਰ ਇਨਸਾਫ਼ ਦਾ ਹੱਕ ਪੁਗਾਉਣ ਤਕ ਦੇ ਸਫ਼ਰ ਦਾ ਤਜਰਬਾ ਹੈ। ਪੰਜਾਬ ਦੇ ਲੋਕ ਜਮਾਤੀ ਤੇ ਸਮਾਜਿਕ ਜਬਰ ਖਿਲਾਫ਼ ਹੋਰ ਵਧੇਰੇ ਧੜੱਲੇ ਤੇ ਸਪੱਸ਼ਟਤਾ ਨਾਲ ਡਟਣ ਲੱਗੇ ਹਨ। ਇਸ ਫ਼ੈਸਲੇ ਦੇ ਕਾਨੂੰਨੀ ਅਰਥ ਚਾਹੇ ਜੋ ਵੀ ਹੋਣ, ਪਰ ਏਨੇ ਲੰਮੇ, ਸਿਰੜੀ ਤੇ ਜ਼ਬਤਬੱਧ ਸੰਘਰਸ਼ ਨੇ ਇਹ ਦਰਸਾ ਦਿੱਤਾ ਹੈ ਕਿ ਲੋਕਾਂ ਦੇ ਇਸ ਦ੍ਰਿੜ ਸੰਘਰਸ਼ ਤੋਂ ਬਿਨਾਂ ਨਾ ਤਾਂ ਸੂਬੇ ਦੇ ਰਾਜਪਾਲ ਨੂੰ ਮਨਜੀਤ 'ਤੇ 'ਰਹਿਮ' ਆ ਸਕਦਾ ਸੀ ਤੇ ਨਾ ਹੀ ਪੰਜਾਬ ਦੀ ਸਰਕਾਰ ਨੂੰ ਇਹ ਕੇਸ ਵਿਚਾਰਨ ਦੀ ਵਿਹਲ ਮਿਲ ਸਕਦੀ ਸੀ।

ਮਨਜੀਤ ਦੀ ਰਿਹਾਈ ਲਈ ਹੋਇਆ ਸੰਘਰਸ਼ ਕਈ ਪੱਖਾਂ 'ਤੋਂ ਮਹੱਤਵਪੂਰਨ ਹੈ। ਸਭ ਤੋਂ ਵਧਕੇ ਸੂਬੇ ਦੀ ਕਿਰਤੀ ਲੋਕਾਈ ਲਈ ਇਹ ਸੰਘਰਸ਼ ਅਜਿਹੀ ਆਸ ਦੀ ਕਿਰਨ ਬਣਦਾ ਹੈ ਜਿਹੜੀ ਉਨ੍ਹਾਂ ਦੇ ਰੋਜ਼ਮਰ੍ਹਾ ਦੇ ਹਜ਼ਾਰਾਂ ਸੰਘਰਸ਼ਾਂ ਨਾਲ ਜੁੜ ਕੇ, ਉਨ੍ਹਾਂ ਦੇ ਹੱਕੀ ਸੰਘਰਸ਼ਾਂ ਦੇ ਸੂਰਜ ਪੂਰੇ ਜਲੌਅ 'ਚ ਚਮਕਣ ਦੀ ਧਰਵਾਸ ਬੰਨ੍ਹਾਉਣ ਦਾ ਆਧਾਰ ਦਿੰਦਾ ਹੈ। ਲੋਕ ਮਨਾਂ 'ਚ ਉਮੜੀਆਂ ਅਜਿਹੀਆਂ ਭਾਵਨਾਵਾਂ ਨੂੰ ਸੰਘਰਸ਼ ਦੇ ਅੰਗ ਸੰਗ ਵਿਚਰਦਿਆਂ ਮਹਿਸੂਸ ਕਰਨਾ ਮੁਸ਼ਕਲ ਨਹੀਂ ਹੈ।

ਇਨ੍ਹਾਂ ਭਾਵਨਾਵਾਂ ਦਾ ਵੀ ਇਕ ਖ਼ਾਸ ਪ੍ਰਸੰਗ ਹੈ। ਪੰਜਾਬ ਦਾ ਅੱਜਕੱਲ੍ਹ ਦਾ ਦ੍ਰਿਸ਼ ਰੋਜ਼ਾਨਾ ਨਵੇਂ ਲੋਕ ਸੰਘਰਸ਼ਾਂ ਦੇ ਫੁੱਟਣ ਤੇ ਫੈਲਣ ਦਾ ਦ੍ਰਿਸ਼ ਹੈ। ਕਿਰਤੀ ਲੋਕਾਂ ਦੀ ਜ਼ਿੰਦਗੀ ਦੇ ਵਸੀਲਿਆਂ 'ਤੇ ਹਮਲੇ ਹੀ ਏਨੇ ਤਿੱਖੇ ਤੇ ਤੇਜ਼ ਹੋ ਰਹੇ ਹਨ ਕਿ ਲੋਕਾਂ ਦੇ ਕਿਸੇ ਵੀ ਤਬਕੇ ਨੂੰ ਸੁਰਤ ਲੈਣ ਦੀ ਵੀ ਗੁੰਜਾਇਸ਼ ਨਹੀਂ ਬਚ ਰਹੀ। ਕੇਂਦਰੀ ਤੇ ਸੂਬਾਈ ਸਰਕਾਰਾਂ ਇਕ ਦੂਜੇ ਤੋਂ ਮੂਹਰੇ ਹੋ ਕੇ, ਨਵੇਂ ਨਵੇਂ ਫ਼ੁਰਮਾਨਾਂ ਨਾਲ ਵੀ ਅਤੇ ਬਿਨਾਂ ਕਿਸੇ ਫ਼ੁਰਮਾਨਾਂ ਐਲਾਨਾਂ ਦੇ ਚੁੱਪ-ਚਪੀਤੇ ਹੀ ਲੋਕਾਂ ਦੀ ਕਿਰਤ ਨੂੰ ਲੁੱਟਣ ਲਈ ਧਨਾਡ ਕਾਰਪੋਰੇਟਾਂ ਮੂਹਰੇ ਪਰੋਸ ਕੇ ਉਨ੍ਹਾਂ ਦੇ ਮੁਨਾਫਿਆਂ ਦਾ ਗਰਾਫ਼ ਚਾੜ੍ਹਨ 'ਚ ਰੁੱਝੀਆਂ ਹੋਈਆਂ ਹਨ। ਇਸੇ ਕਰਕੇ ਲੋਕਾਂ ਦੇ ਜ਼ੋਰਦਾਰ ਸੰਘਰਸ਼ਾਂ ਮੂਹਰੇ ਵੀ ਇਹ ਸਰਕਾਰਾਂ ਟੱਸ ਤੋਂ ਮੱਸ ਹੋਣ ਤਕ ਨਹੀਂ ਪਹੁੰਚਦੀਆਂ। ਬਹੁਤ ਹੀ ਸਿਰੜੀ, ਵਿਸ਼ਾਲ ਜਨਤਕ ਲਾਮਬੰਦੀ ਵਾਲੇ ਤੇ ਨਾਲ ਹੀ ਸੂਝਵਾਨ ਲੀਡਰਸ਼ਿਪ ਵੱਲੋਂ ਹਕੂਮਤੀ ਕਮਜ਼ੋਰੀਆਂ ਦਾ ਢੁਕਵੇਂ ਦਾਅਪੇਚਾਂ ਨਾਲ ਲਾਹਾ ਲੈ ਸਕਣ ਵਾਲੇ ਸੰਘਰਸ਼ਾਂ ਰਾਹੀਂ ਹੀ ਲੋਕ ਆਪਣੇ ਕੋਲੋਂ ਖੁੱਸ ਰਹੇ 'ਚੋਂ ਕੁਝ ਨਾ ਕੁਝ ਬਚਾਉਣ 'ਚ ਕਾਮਯਾਬ ਹੁੰਦੇ ਹਨ ਤੇ ਸੰਘਰਸ਼ਸ਼ੀਲ ਲੋਕਾਂ ਦੇ ਜ਼ਰਾ ਕੁ ਅਵੇਸਲੇ ਹੋਣ ਨਾਲ ਉਹ ਪ੍ਰਾਪਤੀਆਂ ਖੁਰ ਜਾਂਦੀਆਂ ਹਨ। ਬੀਤੇ ਵਰ੍ਹੇ ਅਧਿਆਪਕਾਂ ਦਾ ਵਿਸ਼ਾਲ ਸੰਘਰਸ਼ ਇਸ ਚੌਖਟੇ 'ਚ ਰੱਖ ਕੇ ਦੇਖਿਆਂ ਅਜਿਹੇ ਕਈ ਸਿੱਟੇ ਕੱਢੇ ਜਾ ਸਕਦੇ ਹਨ। ਇਉਂ ਹੀ ਕਿਸਾਨਾਂ ਦਾ ਕਰਜ਼ਾ-ਮੁਆਫ਼ੀ ਲਈ ਸੰਘਰਸ਼ ਵੀ ਅਜਿਹੀ ਹਾਲਤ ਨੂੰ ਸਮਝਣ ਲਈ ਸਹਾਈ ਹੋ ਸਕਦਾ ਹੈ। ਹਾਲਤ ਦਾ ਇਹ ਪ੍ਰਸੰਗ ਸੂਬੇ ਦੇ ਮਿਹਨਤਕਸ਼ ਲੋਕਾਂ ਦੀਆਂ ਵੱਖ ਵੱਖ ਟੁਕੜੀਆਂ ਲਈ ਇਹ ਅਹਿਸਾਸ ਸਿਰਜਦਾ ਹੈ ਕਿ ਉਨ੍ਹਾਂ ਦੀ ਜਥੇਬੰਦਕ ਤਾਕਤ ਹਕੂਮਤ ਤੋਂ ਊਣੀ ਹੈ। ਅਜਿਹੇ ਮਾਹੌਲ ਦਰਮਿਆਨ ਲੋਕਾਂ ਦੀ ਜਥੇਬੰਦਕ ਤਾਕਤ ਦੇ ਜ਼ੋਰ ਕਰਵਾਈ ਗਈ ਮਨਜੀਤ ਧਨੇਰ ਦੀ ਰਿਹਾਈ ਆਪਣੇ ਹੱਕਾਂ ਲਈ ਜੂਝ ਰਹੇ ਲੋਕਾਂ ਵਾਸਤੇ ਅਜਿਹੀ ਅਹਿਮ ਪ੍ਰਾਪਤੀ ਜਾਪੀ ਹੈ ਜੋ ਉਨ੍ਹਾਂ 'ਚੋਂ ਕਿਸੇ ਵੀ ਇਕ ਤਬਕੇ ਨੂੰ ਮਿਲਣ ਵਾਲੀ ਕਿਸੇ ਆਰਥਿਕ ਰਿਆਇਤ ਨਾਲੋਂ ਕਈ ਗੁਣਾ ਵੱਡੀ ਜਾਪ ਰਹੀ ਹੈ। ਲੋਕ ਕਾਫਲੇ ਦੀਆਂ ਸਫਾਂ ਦੀ ਇਹ ਭਾਵਨਾ ਇਸ ਸੰਘਰਸ਼ ਦੌਰਾਨ ਇਕ ਦਿਨ ਇਕੱਠ ਨੂੰ ਸੰਬੋਧਨ ਕਰ ਰਹੀ ਆਂਗਣਵਾੜੀ ਵਰਕਰ ਦੀ ਯੂਨੀਅਨ ਦੇ ਮੂੰਹੋਂ ਪ੍ਰਗਟ ਹੋਈ ਸੀ। ਉਸਨੇ ਕਿਹਾ ਕਿ ਸੰਘਰਸ਼ ਕਰਦੇ ਕਰਦੇ ਅਸੀਂ ਥੱਕੇ ਹਾਰੇ ਜਿਹੇ ਮਹਿਸੂਸ ਕਰਦੇ ਸੀ, ਹੁਣ ਇਸ ਸੰਘਰਸ਼ ਨੇ ਤਾਂ ਸਾਡੇ 'ਚ ਫਿਰ ਜਾਨ ਪਾ ਦਿੱਤੀ ਹੈ ਤੇ ਮੁੜ ਇਹ ਜਾਪਣ ਲੱਗਿਆ ਹੈ ਕਿ ਆਪਾਂ ਸਾਰੇ ਇਕੱਠੇ ਹੋ ਕੇ ਇਨ੍ਹਾਂ ਹਕੂਮਤਾਂ ਤੋਂ ਹੱਕ ਖੋਹ ਸਕਦੇ ਹਾਂ। ਇਕ ਦੂਜੇ ਨਾਲ ਰਲਕੇ ਖੜ੍ਹਨਾ ਸਭ ਦੇ ਹਿੱਤ 'ਚ ਦਿਖਣ ਲੱਗਿਆ ਹੈ। ਸਾਂਝੇ ਲੋਕ ਸੰਘਰਸ਼ਾਂ ਲਈ ਇਹ ਤਜਰਬਾ ਕਈ ਪੱਖਾਂ ਤੋਂ ਮੁੱਲਵਾਨ ਹੈ।

ਸੂਬੇ ਦੀ ਮੌਜੂਦਾ ਸਿਆਸੀ ਹਾਲਤ ਅੰਦਰ ਲੋਕਾਂ ਨੂੰ ਹਾਕਮ ਜਮਾਤੀ ਸਿਆਸੀ ਪਾਰਟੀਆਂ ਦੇ ਮੁਕਾਬਲੇ ਕਿਸੇ ਖਰੇ ਭਰੋਸੇਯੋਗ ਤੇ ਪਾਏਦਾਰ ਬਦਲ ਦੀ ਲੋੜ ਮਹਿਸੂਸ ਹੋ ਰਹੀ ਹੈ। ਇਹ ਬਦਲ ਲੋਕਾਂ ਦੀ ਆਪਣੀ ਚੇਤਨ ਜਥੇਬੰਦਕ ਤਾਕਤ ਹੀ ਹੋ ਸਕਦੀ ਹੈ। ਕੋਈ ਪਰਾਈ ਸ਼ਕਤੀ ਲੋਕਾਂ ਨੂੰ ਇਨ੍ਹਾਂ ਸੰਕਟਾਂ ਤੋਂ ਪਾਰ ਲੈ ਕੇ ਜਾ ਹੀ ਨਹੀਂ ਸਕਦੀ। ਅੱਜ ਦੀ ਘੜੀ ਲੋਕਾਂ ਕੋਲ ਅਜਿਹਾ ਕੋਈ ਸਿਆਸੀ ਬਦਲ ਨਹੀਂ ਹੈ, ਪਰ ਮੌਜੂਦਾ ਸੰਘਰਸ਼ ਰਾਹੀਂ ਵੋਟ ਪਾਰਟੀਆਂ ਤੋਂ ਆਜ਼ਾਦ, ਉਨ੍ਹਾਂ ਦੀ ਮੁਥਾਜਗੀ ਤੋਂ ਕੋਹਾਂ ਦੂਰ, ਸਵੈ-ਨਿਰਭਰ ਜਥੇਬੰਦਕ ਲੋਕ ਤਾਕਤ ਦੀ ਇਕ ਕਿਰਨ ਸੂਬੇ ਦੇ ਲੋਕਾਂ ਨੂੰ ਦਿਖਾਈ ਦਿੱਤੀ ਹੈ। ਅਜਿਹੀ ਕਿਰਨ ਜਿਸ ਤੋਂ ਸਿਆਸੀ ਵੋਟ ਪਾਰਟੀਆਂ ਕੋਹਾਂ ਦੂਰ ਖੜ੍ਹੀਆਂ ਦਿਖੀਆਂ ਹਨ। ਸੂਬੇ ਦੇ ਸੰਘਰਸ਼ਸ਼ੀਲ ਲੋਕਾਂ ਨੇ ਅਜਿਹੀ ਕਿਰਨ ਨਾਲ ਜਾ ਜੁੜਨ 'ਚ ਤਸੱਲੀ ਮਹਿਸੂਸ ਕੀਤੀ ਹੈ। ਇਸੇ ਲਈ ਹਰ ਛੋਟੇ-ਵੱਡੇ ਤਬਕੇ ਦੀ, ਹਰ ਛੋਟੀ ਵੱਡੀ ਜਥੇਬੰਦੀ ਨੇ ਇਸ ਮੋਰਚੇ 'ਚ ਹਿੱਸਾ ਪਾਉਣਾ ਆਪਣਾ ਫਰਜ਼ ਸਮਝਿਆ ਹੈ। ਇਹ ਲੋਕਾਂ ਲਈ ਭਰੋਸੇਯੋਗ ਸ਼ਕਤੀ ਹੈ ਜੋ ਉਨ੍ਹਾਂ ਨੇ ਦਹਾਕਿਆਂ ਦੇ ਅਮਲ ਦੌਰਾਨ ਅਨੇਕਾਂ ਸੰਘਰਸ਼ਾਂ ਰਾਹੀਂ ਪਰਖੀ ਹੋਈ ਹੈ।

ਧੀਆਂ ਦੀ ਰਾਖੀ ਲਈ ਡਟਣ ਦੀ ਭਾਵਨਾ ਦੇ ਨਾਲ ਨਾਲ ਆਪਣੀ ਜਥੇਬੰਦਕ ਤਾਕਤ ਦੀ ਰਾਖੀ ਲਈ ਡਟਣ ਦਾ ਅੰਸ਼ ਇਸ ਵਿਸ਼ਾਲ ਲੋਕ ਲਾਮਬੰਦੀ 'ਚ ਸਰਗਰਮ ਸੀ। ਕਿਸੇ ਫੌਰੀ ਆਰਥਿਕ ਲਾਹੇ ਜਾਂ ਕਿਸੇ ਵੱਡੇ ਆਰਥਿਕ ਹਿੱਤ 'ਤੇ ਆ ਰਹੀ ਆਂਚ ਦੇ ਮੁਕਾਬਲੇ ਲੋਕਾਂ ਨੇ ਆਪਣੇ ਆਗੂ 'ਤੇ ਹਮਲੇ ਨੂੰ ਆਪਣੀ ਜਥੇਬੰਦਕ ਤਾਕਤ 'ਤੇ ਹਮਲੇ ਵਜੋਂ ਲਿਆ ਹੈ। ਉਹ ਤਾਕਤ ਜੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਭਿੜਨ ਲਈ ਬਹੁਤ ਜ਼ਰੂਰੀ ਜਾਪਦੀ ਹੈ। ਲੋਕਾਂ ਦੇ ਵਿਸ਼ਾਲ ਜਨ-ਸਮੂਹ ਇਸ ਜਥੇਬੰਦਕ ਤਾਕਤ ਦਾ ਕਿੱਡਾ ਆਸਰਾ ਮਹਿਸੂਸ ਕਰ ਰਹੇ ਹਨ, ਇਸਦਾ ਅੰਦਾਜ਼ਾ ਸੰਘਰਸ਼ ਦੀ ਵਿਸ਼ਾਲ ਲਾਮਬੰਦੀ ਤੋਂ ਲਗਾਇਆ ਜਾਣਾ ਚਾਹੀਦਾ ਹੈ। ਇਸ ਤਾਕਤ ਦੇ ਆਸਰੇ ਦੀ ਵਧ ਰਹੀ ਉਮੀਦ ਅੱਜ ਦੇ ਪੰਜਾਬ ਦਾ ਸੱਚ ਹੈ, ਅਜਿਹਾ ਸੱਚ ਜੋ ਕਈ ਵਾਰ ਨਾ-ਉਮੀਦੀ ਦੇ ਵਾਯੂਮੰਡਲ 'ਚ ਦੱਬ ਕੇ ਰਹਿ ਜਾਂਦਾ ਹੈ। ਮੌਜੂਦਾ ਘੋਲ ਇਸ ਸੱਚ ਦੀ ਲਿਸ਼ਕੋਰ ਹੋ ਨਿੱਬੜਿਆ ਹੈ।

ਲੋਕਾਂ 'ਚ ਪੈਦਾ ਹੋਏ ਰੋਸ ਨੂੰ ਜਥੇਬੰਦਕ ਸਰਗਰਮੀ 'ਚ ਢਾਲਣ ਤੇ ਲਾਮਬੰਦੀ ਕਰਨ ਦੀ ਲੋਕ ਲਹਿਰ ਦੀ ਵਿਕਸਤ ਹੋ ਰਹੀ ਸਮਰੱਥਾ ਦੇ ਝਲਕਾਰੇ ਵੀ ਪ੍ਰਗਟ ਹੋਏ ਹਨ। ਕਿਸੇ ਦੌਰ 'ਚ ਅਜਿਹੀਆਂ ਜਨਤਕ ਲਾਮਬੰਦੀਆਂ ਸੂਬੇ 'ਚ ਵਿਸ਼ਾਲ ਜਨਤਕ ਆਧਾਰ ਵਾਲੀਆਂ ਸਿਆਸੀ ਪਾਰਟੀਆਂ ਹੀ ਕਰ ਸਕਦੀਆਂ ਸਨ। ਪਰ ਲੋਕਾਂ ਤਕ ਏਨੀ ਵਿਆਪਕ ਰਸਾਈ, ਧੁਰ ਹੇਠਾਂ ਤਕ ਮਸਲੇ ਦੀ ਵਾਜਬੀਅਤ ਦਾ ਪ੍ਰਚਾਰ, ਘਰ-ਘਰ ਤਕ ਸੱਚ ਲੈ ਜਾਣ ਦੀ ਜਾਹਰ ਹੋਈ ਸਮਰੱਥਾ ਸੂਬੇ ਦੀ ਲੋਕ ਲਹਿਰ ਦਾ ਬਹੁਤ ਹੀ ਹਾਂਦਰੂ ਪੱਖ ਹੈ। ਇਸਦੀ ਇਕ ਉਦਾਹਰਨ ਸੰਘਰਸ਼ ਦੌਰਾਨ ਹਜ਼ਾਰਾਂ ਨੌਜਵਾਨਾਂ ਨੂੰ ਲਾਮਬੰਦ ਕਰਨਾ ਹੈ ਜਿਹੜੇ ਮੌਜੂਦਾ ਦੌਰ ਅੰਦਰ ਆਮ ਕਰਕੇ ਸਮਾਜਿਕ ਸਰੋਕਾਰਾਂ ਤੋਂ ਬੇਮੁਖਤਾ ਦਾ ਇਜ਼ਹਾਰ ਕਰ ਰਹੇ ਹਨ। ਹਕੂਮਤ ਨਾਲ ਸੰਘਰਸ਼ ਦੌਰਾਨ ਜਿਸ ਸੂਝ ਭਰੇ ਦਾਅਪੇਚਾਂ ਨਾਲ ਨਜਿੱਠਿਆ ਗਿਆ ਹੈ, ਇਹ ਸੰਘਰਸ਼ ਦੀ ਅਗਵਾਈ ਕਰ ਰਹੀ ਲੀਡਰਸ਼ਿਪ ਦੀ ਸੂਝ-ਸਿਆਣਪ 'ਤੇ ਝਾਤ ਪੁਆਉਂਦਾ ਹੈ। ਜਮਹੂਰੀ ਹਲਕਿਆਂ ਲਈ ਵੀ ਇਕ ਪੱਖ ਵਿਸ਼ੇਸ਼ ਕਰਕੇ ਗੌਰ ਕਰਨਯੋਗ ਹੈ। ਇਸ ਮੰਗ ਦਾ ਤੱਤ ਜਮਹੂਰੀ ਸੀ। ਮਨਜੀਤ ਦੀ ਰਿਹਾਈ ਰਾਹੀਂ ਸੰਘਰਸ਼ ਕਰਨ ਦਾ ਹੱਕ ਪੁਗਾਉਣਾ ਲੋਕ ਸਰੋਕਾਰ ਦਾ ਮਸਲਾ ਸੀ। ਜਿਵੇਂ ਜਥੇਬੰਦ ਕਿਸਾਨ ਸ਼ਕਤੀ ਇਸ ਸੰਘਰਸ਼ ਦੀ ਕੰਗਰੋੜ ਬਣ ਕੇ ਨਿਭੀ ਹੈ ਉਹ ਦੱਸਦੀ ਹੈ ਕਿ ਸਾਡੇ ਸਮਾਜ 'ਚ ਜਮਹੂਰੀ ਚੇਤਨਾ ਗ੍ਰਹਿਣ ਕਰਨ ਦਾ ਅਮਲ ਲੋਕਾਂ ਦੇ ਆਪਣੇ ਰੋਜ਼ਮਰ੍ਹਾ ਦੇ ਸੰਘਰਸ਼ਾਂ ਨਾਲ ਜੁੜ ਕੇ ਹੀ ਅੱਗੇ ਵਧਦਾ ਹੈ। ਕਿਸਾਨ ਜਨ-ਸਮੂਹਾਂ ਨੇ ਇਹ ਸੋਝੀ ਆਪਣੇ ਬੀਤੇ ਦਹਾਕਿਆਂ ਦੇ ਸੰਘਰਸ਼ ਅਮਲਾਂ ਦੌਰਾਨ ਹਾਸਲ ਕੀਤੀ ਹੈ। ਇਨ੍ਹਾਂ ਸੰਘਰਸ਼ਾਂ ਰਾਹੀਂ ਹੀ ਲੋਕ ਆਪਣੇ ਹੋਰਨਾਂ ਹੱਕਾਂ ਦੇ ਨਾਲ ਨਾਲ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਵੀ ਬੁਲੰਦ ਕਰਨ ਦਾ ਮਹੱਤਵ ਗ੍ਰਹਿਣ ਕਰਦੇ ਹਨ। ਇਸ ਲਈ ਜਮਹੂਰੀ ਹੱਕਾਂ ਦੀ ਲਹਿਰ, ਸਾਡੇ ਸਮਾਜ 'ਚ ਮਿਹਨਤਕਸ਼ ਲੋਕਾਂ ਦੇ ਹੱਕਾਂ ਦੀ ਸੰਘਰਸ਼ਸ਼ੀਲ ਲਹਿਰ ਦਾ ਬਹੁਤ ਗੁੰਦਵਾਂ ਅੰਗ ਬਣਦੀ ਹੈ, ਖ਼ਾਸ ਕਰਕੇ ਪੇਂਡੂ ਖੇਤਰਾਂ 'ਚ ਮੌਜੂਦ ਬਹੁਗਿਣਤੀ ਕਿਰਤੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਲਹਿਰ ਜਮਹੂਰੀ ਹੱਕਾਂ 'ਤੇ ਹੋ ਰਹੇ ਹਮਲਿਆਂ ਦੇ ਇਸ ਦੌਰ 'ਚ ਜਮਹੂਰੀ ਹੱਕਾਂ ਦੀ ਲਹਿਰ ਨੂੰ ਇਸ ਪਹੁੰਚ ਦਾ ਪੂਰਾ ਥਹੁ ਪਾਉਣ ਦੀ ਜ਼ਰੂਰਤ ਹੈ।

ਪੰਜਾਬ ਦੇ ਬੀਤੇ ਦਹਾਕਿਆਂ ਦੇ ਲੋਕ ਸੰਘਰਸ਼ਾਂ ਨੇ ਲੋਕ ਮਨਾਂ 'ਚ ਅਜਿਹੇ ਬਹੁਤ ਬੀਜ ਖਿੰਡਾਏ ਹਨ ਜੋ ਸੱਚੀ ਜਮਹੂਰੀਅਤ ਦੀ ਉਸਾਰੀ ਲਈ ਬਹੁਤ ਮਹੱਤਤਾ ਰੱਖਦੇ ਹਨ। ਮੌਜੂਦਾ ਘੋਲ ਦੌਰਾਨ ਇਨ੍ਹਾਂ ਬੀਜਾਂ ਦਾ ਖਿੰਡਾਅ ਹੋਰ ਵੀ ਵਿਆਪਕ ਹੋਇਆ ਹੈ। ਇਨ੍ਹਾਂ ਬੀਜਾਂ ਨੇ ਆਉਂਦੇ ਸਮੇਂ 'ਚ ਲਾਜ਼ਮੀ ਪੁੰਗਰਨਾ ਹੈ। ਅਜਿਹੇ ਲੋਕ ਸੰਘਰਸ਼ਾਂ 'ਚ ਹੀ ਪੰਜਾਬ ਦਾ ਭਵਿੱਖ ਮੌਜੂਦ ਹੈ। ਚਾਹੇ ਉਥੋਂ ਤਕ ਪੁੱਜਣ ਲਈ ਇਨ੍ਹਾਂ ਨੇ ਅਜੇ ਲੰਮਾ ਸਫ਼ਰ ਤੈਅ ਕਰਨਾ ਹੈ।

ਭਾਰਤੀ ਪੇਸ਼ੇਵਰਾਂ ਨੂੰ ਵੱਡੀ ਰਾਹਤ

# ਐੱਚ.-1ਬੀ ਵੀਜ਼ਾ 'ਤੇ ਟਰੰਪ ਦੀ 1 ਲੱਖ ਡਾਲਰ ਫ਼ੀਸ ਨੂੰ ਅਦਾਲਤ ਨੇ ਕੀਤਾ ਰੱਦ




ਵਾਸ਼ਿੰਗਟਨ , 12 ਜੂਨ (ਪ੍ਰਤੀਨਿਧੀ) : ਅਮਰੀਕਾ ਵਿੱਚ ਕੰਮ ਕਰਨ ਦੀ ਇੱਛਾ ਰੱਖਣ ਵਾਲੇ ਭਾਰਤੀ ਆਈ.ਟੀ. ਪੇਸ਼ੇਵਰਾਂ ਅਤੇ ਹੋਰ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਇੱਕ ਸਵਾਗਤਯੋਗ ਖ਼ਬਰ ਹੈ। ਇੱਕ ਅਮਰੀਕੀ ਸੰਘੀ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਨਵੇਂ ਐੱਚ.-1ਬੀ ਵੀਜ਼ਾ 'ਤੇ ਲਗਾਈ ਗਈ ਬਹੁਤ ਜ਼ਿਆਦਾ /100,000 (ਲੱਗਭਗ ?84 ਲੱਖ) ਫ਼ੀਸ ਨੂੰ 'ਗੈਰ-ਕਾਨੂੰਨੀ' ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ ਹੈ।

ਆਪਣੇ ਫ਼ੈਸਲੇ ਵਿੱਚ ਬੋਸਟਨ ਦੇ ਅਮਰੀਕੀ ਜ਼ਿਲ੍ਹਾ ਜੱਜ ਲੀਓ ਸੋਰੋਕਿਨ ਨੇ ਸਪੱਸ਼ਟ ਕੀਤਾ ਕਿ ਇਹ ਫ਼ੀਸ ਇੱਕ 'ਗੈਰ-ਕਾਨੂੰਨੀ ਟੈਕਸ' ਦੇ ਬਰਾਬਰ ਹੈ, ਇੱਕ ਅਜਿਹਾ ਟੈਕਸ ਜਿਸ ਨੂੰ ਅਮਰੀਕੀ ਕਾਂਗਰਸ ਨੇ ਕਦੇ ਵੀ ਸਰਕਾਰ ਨੂੰ ਲਾਗੂ ਕਰਨ ਲਈ ਅਧਿਕਾਰਤ ਨਹੀਂ ਕੀਤਾ ਸੀ। ਜ਼ਿਕਰਯੋਗ ਹੈ ਕਿ 20 ਡੈਮੋਕ੍ਰੇਟਿਕ ਸਟੇਟ ਅਟਾਰਨੀ ਜਨਰਲਾਂ ਨੇ ਸਤੰਬਰ ਵਿੱਚ ਟਰੰਪ ਦੁਆਰਾ ਐਲਾਨੇ ਗਏ ਫ਼ੀਸ ਵਾਧੇ ਨੂੰ ਚੁਣੌਤੀ ਦੇਣ ਲਈ ਇੱਕ ਮੁਕੱਦਮਾ ਦਾਇਰ ਕੀਤਾ ਸੀ।

ਐੱਚ.-1ਬੀ ਪ੍ਰੋਗਰਾਮ ਦੇ ਤਹਿਤ ਅਮਰੀਕਾ ਹਰ ਸਾਲ 65,000 ਸਟੈਂਡਰਡ ਵੀਜ਼ੇ ਅਤੇ ਐਡਵਾਂਸਡ ਡਿਗਰੀਆਂ ਵਾਲੇ ਪੇਸ਼ੇਵਰਾਂ ਲਈ 20,000 ਵਾਧੂ ਵੀਜ਼ੇ ਜਾਰੀ ਕਰਦਾ ਹੈ। ਪਹਿਲਾਂ, ਮਾਲਕਾਂ ਨੇ ਇਨ੍ਹਾਂ ਵੀਜ਼ਿਆਂ ਲਈ ਸਿਰਫ਼ 2,000 ਡਾਲਰ ਤੋਂ 5,000 ਡਾਲਰ ਤਕ ਦੀ ਫ਼ੀਸ ਅਦਾ ਕੀਤੀ ਸੀ। 100,000 ਡਾਲਰ ਤਕ ਅਚਾਨਕ ਵਾਧੇ ਨੇ ਕੰਪਨੀਆਂ ਅਤੇ ਕਰਮਚਾਰੀਆਂ 'ਤੇ ਵਿੱਤੀ ਬੋਝ ਨੂੰ ਕਾਫ਼ੀ ਵਧਾ ਦਿੱਤਾ ਸੀ।

ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਇਸ ਭਾਰੀ ਫ਼ੀਸ ਵਾਧੇ ਨੇ ਐੱਚ.-1ਬੀ ਵੀਜ਼ਾ ਬੇਨਤੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਸਰਕਾਰ ਨੇ ਖ਼ੁਦ ਮੰਨਿਆ ਕਿ 15 ਫ਼ਰਵਰੀ ਤਕ ਵਧੀ ਹੋਈ ਦਰ 'ਤੇ ਸਿਰਫ਼ 85 ਭੁਗਤਾਨ ਪ੍ਰਾਪਤ ਹੋਏ ਸਨ।

ਟਰੰਪ ਪ੍ਰਸ਼ਾਸ਼ਨ ਨੇ ਅਦਾਲਤ ਵਿੱਚ ਦਲੀਲ ਦਿੱਤੀ ਸੀ ਕਿ ਰਾਸ਼ਟਰਪਤੀ ਕੋਲ ਸੰਘੀ ਇੰਮੀਗ੍ਰੇਸ਼ਨ ਕਾਨੂੰਨ ਦੇ ਤਹਿਤ ਵਿਦੇਸ਼ੀ ਨਾਗਰਿਕਾਂ ਦੇ ਦਾਖਲੇ ਨੂੰ ਸੀਮਤ ਕਰਨ ਲਈ ਵਿੱਤੀ ਜੁਰਮਾਨੇ ਲਗਾਉਣ ਦਾ ਕਾਨੂੰਨੀ ਅਧਿਕਾਰ ਹੈ। ਹਾਲਾਂਕਿ, ਜੱਜ ਨੇ ਇਸ ਦਲੀਲ ਨੂੰ ਰੱਦ ਕਰ ਦਿੱਤਾ, ਇਹ ਫ਼ੈਸਲਾ ਸੁਣਾਉਂਦੇ ਹੋਏ ਕਿ ਇਹ ਕਾਰਵਾਈ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੈ। ਇਸ ਫ਼ੈਸਲੇ ਨਾਲ ਹਜ਼ਾਰਾਂ ਨੌਜਵਾਨ ਭਾਰਤੀਆਂ ਨੂੰ ਲਾਭ ਹੋਵੇਗਾ ਜੋ ਆਪਣੀ ਯੋਗਤਾ ਦੇ ਆਧਾਰ 'ਤੇ ਅਮਰੀਕਾ ਵਿੱਚ ਕਰੀਅਰ ਬਣਾਉਣਾ ਚਾਹੁੰਦੇ ਹਨ।

# ਭਾਰਤ ਦੀ ਵਧੀ ਫ਼ੌਜੀ ਤਾਕਤ ! ਸੈਨਿਕ ਖਰਚ ਦੇ ਮਾਮਲੇ 'ਚ ਦੁਨੀਆਂ ਦੇ ਟਾਪ-5 ਦੇਸ਼ਾਂ 'ਚ ਸ਼ਾਮਲ




ਸਟਾਕਹੋਮ, 12 ਜੂਨ (ਪ੍ਰਤੀਨਿਧੀ) : ਭਾਰਤ 2025 ਵਿੱਚ 92.1 ਬਿਲੀਅਨ ਅਮਰੀਕੀ ਡਾਲਰ ਦੇ ਰੱਖਿਆ ਬਜਟ ਨਾਲ ਦੁਨੀਆਂ ਦਾ 5ਵਾਂ ਸਭ ਤੋਂ ਵੱਡਾ ਫ਼ੌਜੀ ਖਰਚ ਕਰਨ ਵਾਲਾ ਦੇਸ਼ ਰਿਹਾ ਹੈ। ਇਹ ਜਾਣਕਾਰੀ ਅੰਤਰਰਾਸ਼ਟਰੀ ਥਿੰਕ-ਟੈਂਕ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਤਾਜ਼ਾ ਰਿਪੋਰਟ ਵਿੱਚ ਦਿੱਤੀ ਗਈ ਹੈ, ਜਿਸ ਵਿੱਚ ਪਿਛਲੇ ਸਾਲ ਭਾਰਤ ਅਤੇ ਪਾਕਿਸਤਾਨ ਵਿੱਚਕਾਰ 'ਅਸਾਧਾਰਨ ਤੌਰ 'ਤੇ ਗੰਭੀਰ ਫ਼ੌਜੀ ਸੰਕਟ' ਦਾ ਵੀ ਜ਼ਿਕਰ ਹੈ। ਸੋਮਵਾਰ ਨੂੰ ਜਾਰੀ ਕੀਤੀ ਗਈ ਇਸ ਸਾਲਾਨਾ ਮੁਲਾਂਕਣ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਕੋਲ ਜਨਵਰੀ 2026 ਤਕ ਲੱਗਭਗ 190 ਪ੍ਰਮਾਣੂ ਹਥਿਆਰ ਹਨ, ਜਦੋਂ ਕਿ ਪਾਕਿਸਤਾਨ ਕੋਲ 170 ਹਥਿਆਰ ਹੋਣ ਦਾ ਅਨੁਮਾਨ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਅਨੁਸਾਰ ਮੰਨਿਆ ਜਾਂਦਾ ਹੈ ਕਿ ਭਾਰਤ ਨੇ 2025 ਵਿੱਚ ਆਪਣੇ ਪ੍ਰਮਾਣੂ ਭੰਡਾਰ ਦਾ ਮਾਮੂਲੀ ਵਿਸਥਾਰ ਕੀਤਾ ਅਤੇ ਨਵੀਆਂ ਹਥਿਆਰ ਪ੍ਰਣਾਲੀਆਂ ਦੇ ਵਿਕਾਸ ਨੂੰ ਜਾਰੀ ਰੱਖਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀ ਆਧੁਨਿਕੀਕਰਨ ਪ੍ਰਕਿਰਿਆ ਹੁਣ ਉਨ੍ਹਾਂ ਹਥਿਆਰਾਂ 'ਤੇ ਕੇਂਦ੍ਰਿਤ ਹੈ ਜੋ ਚੀਨ ਦੇ ਪੂਰੇ ਖੇਤਰ ਤਕ ਪਹੁੰਚ ਸਕਦੇ ਹਨ, ਹਾਲਾਂਕਿ ਪਾਕਿਸਤਾਨ ਨਾਲ ਰਵਾਇਤੀ ਦੁਸ਼ਮਣੀ ਇੱਕ ਵੱਡਾ ਕਾਰਕ ਬਣੀ ਹੋਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਾਕਿਸਤਾਨ ਨੇ ਵੀ 2025 ਵਿੱਚ ਨਵੀਆਂ ਹਥਿਆਰ ਪ੍ਰਣਾਲੀਆਂ ਦਾ ਵਿਕਾਸ ਕਰਨਾ ਅਤੇ ਵਿਨਾਸ਼ਕਾਰੀ ਸਮੱਗਰੀ ਇਕੱਠੀ ਕਰਨਾ ਜਾਰੀ ਰੱਖਿਆ, ਜਿਸ ਨਾਲ ਆਉਣ ਵਾਲੇ ਦਹਾਕੇ ਵਿੱਚ ਇਸ ਦੇ ਪ੍ਰਮਾਣੂ ਭੰਡਾਰ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ।

ਰਿਪੋਰਟ ਦੇ ਅਨੁਸਾਰ, ਮਈ 2025 ਵਿੱਚ ਭਾਰਤ ਅਤੇ ਪਾਕਿਸਤਾਨ ਵਿੱਚਕਾਰ ਇੱਕ ਸੰਖੇਪ ਫ਼ੌਜੀ ਟਕਰਾਅ ਦੌਰਾਨ ਭਾਰਤ ਨੇ ਪਾਕਿਸਤਾਨੀ ਹਵਾਈ ਅਤੇ ਮਿਜ਼ਾਇਲ ਟਿਕਾਣਿਆਂ 'ਤੇ ਹਮਲਾ ਕੀਤਾ, ਜਿਨ੍ਹਾਂ ਦੇ ਪ੍ਰਮਾਣੂ ਪੱਧਰ ਤਕ ਵੱਧਣ ਦਾ ਡਰ ਸੀ, ਹਾਲਾਂਕਿ ਦੋਵਾਂ ਧਿਰਾਂ ਨੇ ਇਸ ਵਾਧੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ 2026 ਦੀ ਸ਼ੁਰੂਆਤ ਤਕ ਸੰਯੁਕਤ ਰਾਜ, ਰੂਸ, ਬ੍ਰਿਟੇਨ, ਫ਼ਰਾਂਸ, ਚੀਨ, ਭਾਰਤ, ਪਾਕਿਸਤਾਨ, ਉੱਤਰੀ ਕੋਰੀਆ ਅਤੇ ਇਜ਼ਰਾਇਲ ਸਮੇਤ ਨੌਂ ਦੇਸ਼ਾਂ ਕੋਲ ਕੁੱਲ ਲਗਭਗ 12,187 ਪ੍ਰਮਾਣੂ ਹਥਿਆਰ ਸਨ। ਰਿਪੋਰਟ ਅਨੁਸਾਰ ਅਮਰੀਕਾ 954 ਬਿਲੀਅਨ ਡਾਲਰ ਦੇ ਖਰਚ ਨਾਲ ਸਭ ਤੋਂ ਵੱਡਾ ਫ਼ੌਜੀ ਖਰਚ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ, ਜਦੋਂ ਕਿ ਚੀਨ 336 ਬਿਲੀਅਨ ਡਾਲਰ ਦੇ ਨਾਲ ਦੂਜੇ ਸਥਾਨ 'ਤੇ ਹੈ, ਅਤੇ ਰੂਸ 190 ਬਿਲੀਅਨ ਡਾਲਰ ਦੇ ਨਾਲ ਤੀਜੇ ਸਥਾਨ 'ਤੇ ਹੈ। ਜਰਮਨੀ ਚੌਥੇ ਸਥਾਨ 'ਤੇ ਹੈ ਅਤੇ ਭਾਰਤ ਪੰਜਵੇਂ ਸਥਾਨ 'ਤੇ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਨੇ ਕਿਹਾ ਕਿ ਵਿਸ਼ਵ-ਵਿਆਪੀ ਫ਼ੌਜੀ ਖਰਚ 2025 ਵਿੱਚ 2.9 ਟ੍ਰਿਲੀਅਨ ਡਾਲਰ ਤਕ ਪਹੁੰਚ ਜਾਵੇਗਾ, ਜੋ ਕਿ ਵਿਕਾਸ ਦੇ ਲਗਾਤਾਰ 11ਵੇਂ ਸਾਲ ਨੂੰ ਦਰਸਾਉਂਦਾ ਹੈ। ਰਿਪੋਰਟ ਵਿੱਚ ਇਹ ਵੀ ਨੋਟ ਕੀਤਾ ਗਿਆ ਹੈ ਕਿ 2025 ਵਿੱਚ ਕਈ ਖੇਤਰੀ ਸੰਘਰਸ਼ਾਂ ਵਿੱਚ ਸਾਈਬਰ ਕਾਰਵਾਈਆਂ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ।

ਦੁਬਈ 'ਚ ਰੂਹ ਕੰਬਾਊ ਹਾਦਸਾ

# ਖੜ੍ਹੇ ਟਰੱਕ ਨਾਲ ਟਕਰਾਈ ਮਿੰਨੀ ਬੱਸ, ਕਈ ਭਾਰਤੀ ਮਜ਼ਦੂਰਾਂ ਸਣੇ 7 ਦੀ ਮੌਤ



ਦੁਬਈ, 12 ਜੂਨ (ਪ੍ਰਤੀਨਿਧੀ) : ਦੁਬਈ ਦੇ ਅਮੀਰਾਤ ਰੋਡ 'ਤੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਕਈ ਭਾਰਤੀ ਕਾਮਿਆਂ ਦੀ ਜਾਨ ਚਲੀ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਇੱਕ ਮਿੰਨੀ ਬੱਸ ਸੜਕ ਦੇ ਵਿੱਚਕਾਰ ਰੁਕੇ ਇੱਕ ਟਰੱਕ ਨਾਲ ਟਕਰਾ ਗਈ।

ਦੁਬਈ ਪੁਲੀਸ ਦੇ ਟ੍ਰੈਫ਼ਿਕ ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ ਜੁਮਾ ਸਲੇਮ ਬਿਨ ਸੁਵੈਦਾਨ ਅਨੁਸਾਰ, ਇਸ ਗੰਭੀਰ ਟੱਕਰ ਵਿੱਚ 7 ਲੋਕਾਂ ਦੀ ਮੌਤ ਹੋ ਗਈ ਅਤੇ 9 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ 5 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜਦੋਂ ਕਿ ਚਾਰ ਨੂੰ ਦਰਮਿਆਨੀ ਸੱਟਾਂ ਲੱਗੀਆਂ ਹਨ। ਸਾਰੇ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਹੈ।

ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਤਕਨੀਕੀ ਨੁਕਸ ਕਾਰਨ ਟਰੱਕ ਸੜਕ ਦੇ ਵਿੱਚਕਾਰ ਅਚਾਨਕ ਰੁਕ ਗਿਆ ਸੀ। ਨੇੜੇ ਆ ਰਹੀ ਮਿੰਨੀ ਬੱਸ ਦੇ ਡਰਾਇਵਰ ਨੇ ਕਥਿਤ ਤੌਰ 'ਤੇ ਵਾਹਨ ਨੂੰ ਧਿਆਨ ਵਿੱਚ ਨਹੀਂ ਰੱਖਿਆ ਅਤੇ ਸੁਰੱਖਿਅਤ ਦੂਰੀ ਬਣਾਈ ਨਹੀਂ ਰੱਖੀ, ਜਿਸ ਕਾਰਨ ਬੱਸ ਸਿੱਧੇ ਟਰੱਕ ਦੇ ਪਿਛਲੇ ਹਿੱਸੇ ਵਿੱਚ ਜਾ ਟਕਰਾਈ। ਮਾਹਿਰਾਂ ਦੀ ਇੱਕ ਟੀਮ ਇਸ ਸਮੇਂ ਹਾਦਸੇ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਸਬੂਤ ਇਕੱਠੇ ਕਰਨ ਲਈ ਮੌਕੇ 'ਤੇ ਪਹੁੰਚ ਗਈ ਸੀ।

ਦੁਬਈ ਵਿੱਚ ਭਾਰਤੀ ਕੌਂਸਲੇਟ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਐੱਕਸ' 'ਤੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਮਿਸ਼ਨ ਨੇ ਕਿਹਾ ਕਿ ਉਹ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਕੌਂਸਲੇਟ ਦੇ ਅਧਿਕਾਰੀਆਂ ਨੇ ਜ਼ਖ਼ਮੀ ਭਾਰਤੀਆਂ ਨੂੰ ਮਿਲਣ ਲਈ ਹਸਪਤਾਲ ਦਾ ਦੌਰਾ ਵੀ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਵੀ ਪ੍ਰਗਟ ਕੀਤੀ।

# ਅਮਰੀਕਾ 'ਚ ਹਰੀਪ੍ਰਕਾਸ਼ ਦਾਸਜੀ ਸਵਾਮੀ ਸਨਮਾਨਿਤ



ਨਿਊਯਾਰਕ, 12 ਜੂਨ (ਪ੍ਰਤੀਨਿਧੀ) : ਭਾਰਤ ਦੇ ਰਾਜ ਗੁਜਰਾਤ ਦੇ ਸਲੰਗਪੁਰ ਧਾਮ ਦੇ ਸਵਾਮੀ ਹਰੀਪ੍ਰਕਾਸ਼ਦਾਸ ਜੀ ਸਵਾਮੀ ਨੂੰ ਅਮਰੀਕਾ ਦੀ ਮਿਸੂਰੀ ਰਾਜ ਦੀ ਰਾਜਧਾਨੀ ਵਿੱਚ ਸਨਮਾਨਿਤ ਕੀਤਾ ਗਿਆ। ਸਟੇਟ ਖਜ਼ਾਨਾ ਮੰਤਰੀ ਵਿਵੇਕ ਮਲਿਕ ਦੁਆਰਾ ਇਸ ਸਬੰਧੀ ਇੱਕ ਅਧਿਕਾਰਤ ਨੋਟੀਫ਼ਿਕੇਸ਼ਨ ਜਾਰੀ ਕੀਤਾ ਗਿਆ ਹੈ। ਸਵਾਮੀ ਸਲੰਗਪੁਰ ਹਨੂੰਮਾਨ ਜੀ ਮੰਦਰ ਦੇ ਮੁੱਖ ਪ੍ਰੇਰਨਾ ਅਤੇ ਇੱਕ ਮਸ਼ਹੂਰ ਅਧਿਆਤਮਿਕ ਸੰਤ ਹਨ। ਜਿਨ੍ਹਾਂ ਨੂੰ ਅਮਰੀਕਾ ਦੇ ਮਿਸੂਰੀ ਰਾਜ ਦੀ ਅਧਿਕਾਰਤ ਰਾਜਧਾਨੀ ਵਿੱਚ ਸਨਮਾਨਿਤ ਕੀਤਾ ਗਿਆ ਹੈ। ਅਮਰੀਕਾ ਦੇ ਮਿਸੂਰੀ ਰਾਜ ਦੇ ਵਿੱਤ ਮੰਤਰੀ ਵਿਵੇਕ ਮਲਿਕ ਨੇ ਇੱਕ ਵਿਸ਼ੇਸ਼ ਅਧਿਕਾਰਤ ਐਲਾਨ ਜਾਰੀ ਕੀਤਾ, ਜਿਸ ਵਿੱਚ ਸਵਾਮੀ ਜੀ ਦੀਆਂ ਵਿਸ਼ਵ-ਵਿਆਪੀ ਮਾਨਵਤਾਵਾਦੀ ਅਤੇ ਅਧਿਆਤਮਿਕ ਸੇਵਾਵਾਂ ਨੂੰ ਮਾਨਤਾ ਦਿੱਤੀ ਗਈ। ਇਸ ਸਰਕਾਰੀ ਦਸਤਾਵੇਜ਼ ਵਿੱਚ ਸਵਾਮੀ ਨੂੰ 'ਸ਼ਾਂਤੀ ਅਤੇ ਮਨੁੱਖਤਾ ਦੇ ਗਲੋਬਲ ਦੂਤ' ਵਜੋਂ ਸੰਬੋਧਿਤ ਵੀ ਕੀਤਾ ਗਿਆ।

ਪ੍ਰਸ਼ੰਸਾ ਪੱਤਰ ਵਿੱਚ ਸਵਾਮੀ ਜੀ ਦੇ ਕੰਮਾਂ ਦੀ ਪ੍ਰਸ਼ੰਸਾ ਕਰਨ ਵਾਲੇ ਮੁੱਖ ਨੁਕਤੇ ਵੀ ਦਰਜ ਸਨ। ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਨੂੰ ਵਿਸ਼ਵ ਪ੍ਰਸਿੱਧ ਸ਼੍ਰੀ ਕਸ਼ਟਭੰਜਨ ਦੇਵ ਹਨੂੰਮਾਨ ਜੀ ਮੰਦਰ, ਸਲੰਗਪੁਰ ਦੇ ਵਿਕਾਸ ਪਿੱਛੇ ਮੁੱਖ ਪ੍ਰੇਰਕ ਸ਼ਕਤੀ ਅਤੇ ਮਾਰਗ ਦਰਸ਼ਕ ਵਜੋਂ ਸਵੀਕਾਰ ਕੀਤਾ ਗਿਆ ਹੈ। ਸਲੰਗਪੁਰ ਮੰਦਿਰ ਦੀ ਰਸੋਈ ਰਾਹੀਂ ਹਰ ਰੋਜ਼ 25 ਹਜ਼ਾਰ ਤੋਂ ਵੱਧ ਲੋਕਾਂ ਨੂੰ ਮੁਫ਼ਤ, ਪੌਸ਼ਟਿਕ ਅਤੇ ਪਵਿੱਤਰ ਭੋਜਨ (ਪ੍ਰਸ਼ਾਦ) ਪ੍ਰਦਾਨ ਕਰਕੇ ਇਹ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਮਾਨਵਤਾਵਾਦੀ ਸੇਵਾ ਦੀ ਸ਼ਲਾਘਾ ਕੀਤੀ ਗਈ ਹੈ ਕਿ ਕੋਈ ਵੀ ਭੁੱਖਾ ਨਾ ਰਹੇ। ਜਿੰਨਾਂ 'ਚ' ਨੌਜਵਾਨਾਂ ਦੀ ਜਾਗਰੂਕਤਾ ਅਤੇ ਨਸ਼ਾਖੋਰੀ ਤੋਂ ਦੂਰ ਰਹਿਣ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਸਵਾਮੀ ਜੀ ਵਲੋਂ 1 ਲੱਖ ਤੋਂ ਵੱਧ ਨੌਜਵਾਨਾਂ ਨੂੰ ਭਾਸ਼ਣਾਂ ਮਤਾਂ, ਨਸ਼ਾ-ਮੁਕਤੀ ਅਤੇ ਸਵੈ-ਅਨੁਸ਼ਾਸ਼ਨ ਦੇ ਮਾਰਗ 'ਤੇ ਚਲਾਇਆ ਗਿਆ ਹੈ। ਸਵਾਮੀ ਜੀ ਦੁਆਰਾ ਫ਼ੈਲਾਏ ਗਏ ਵਿਸ਼ਵ ਸ਼ਾਂਤੀ, ਅੰਤਰ-ਧਰਮ ਸਦਭਾਵਨਾ ਅਤੇ ਆਪਸੀ ਸਤਿਕਾਰ ਦੇ ਸੰਦੇਸ਼ ਦੇ ਨਾਲ-ਨਾਲ ਵਾਤਾਵਰਣ ਸੁਰੱਖਿਆ, ਵਿਦਿਅਕ ਸਹਾਇਤਾ ਅਤੇ ਆਫ਼ਤ ਪ੍ਰਬੰਧਨ (ਕੁਦਰਤੀ ਆਫ਼ਤਾਂ ਦੌਰਾਨ ਰਾਹਤ ਕਾਰਜ) ਵਰਗੇ ਕੰਮਾਂ ਰਾਹੀਂ ਸਮਾਜ ਵਿੱਚ ਲਿਆਂਦੀਆਂ ਗਈਆਂ ਸਕਾਰਾਤਮਕ ਤਬਦੀਲੀਆਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ ਹੈ। ਇਹ ਸਨਮਾਨ ਨਾ ਸਿਰਫ਼ ਸਲੰਗਪੁਰਧਾਮ ਲਈ, ਨਹੀ ਸਗੋਂ ਪੂਰੇ ਭਾਰਤ ਦੇਸ਼ ਅਤੇ ਸਨਾਤਨ ਸੱਭਿਆਚਾਰ ਲਈ ਇੱਕ ਮਾਣ ਵਾਲਾ ਬੁਲਾਰਿਆਂ ਨੇ ਪਲ ਦੱਸਿਆ ਹੈ, ਜੋ ਦਰਸਾਉਂਦਾ ਹੈ ਕਿ ਸਲੰਗਪੁਰ ਤੋਂ ਸ਼ੁਰੂ ਹੋਈ ਸੇਵਾ ਦੀ ਖੁਸ਼ਬੂ ਅੱਜ 7 ਸਮੁੰਦਰਾਂ ਤੋਂ ਪਾਰ ਅਮਰੀਕਾ ਦੇ ਸਰਕਾਰੀ ਗਲਿਆਰਿਆਂ ਤਕ ਪਹੁੰਚ ਗਈ ਹੈ।

# ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ' ਦਾ ਲਾਈਫ਼ਟਾਈਮ ਐਚੀਵਮੈਂਟ ਐਵਾਰਡ ਨਾਲ ਸਨਮਾਨ



ਵਾਸ਼ਿੰਗਟਨ, 12 ਜੂਨ (ਪ੍ਰਤੀਨਿਧੀ) : ਸਿੱਖਸ ਔਫ਼ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ ਨੂੰ ਸਿੱਖਸ ਔਫ਼ ਅਮਰੀਕਾ ਐਸੋਸੀਏਸ਼ਨ ਔਫ਼ ਅਮਰੀਕਾ ਵਲੋਂ ਵਾਸ਼ਿੰਗਟਨ ਡੀ.ਸੀ. ਵਿਖੇਂ ਵੱਕਾਰੀ ਲਾਈਫ਼ਟਾਈਮ ਐਚੀਵਮੈਂਟ ਅੇਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਬੀਤੇਂ ਦਿਨ ਐਤਵਾਰ ਨੂੰ ਵਾਸ਼ਿੰਗਟਨ ਡੀ.ਸੀ. ਵਿੱਖੇ ਇੱਕ ਸ਼ਾਨਦਾਰ ਸਮਾਰੋਹ ਵਿੱਚ ਦਿੱਤਾ ਗਿਆ, ਜਿੱਥੇ ਜਿੱਥੇ ਨੈਸ਼ਨਲ ਕੌਂਸਲ ਔਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨ ਅਮਰੀਕਾ ਨੇ 20 ਸਾਲਾਂ ਦੀ ਸੇਵਾ, ਏਕਤਾ ਤੇ ਸ਼ਸ਼ਕਤੀਕਰਨ ਦੀ ਆਪਣੀ ਸ਼ਾਨਦਾਰ ਯਾਤਰਾ ਦਾ ਜਸ਼ਨ ਮਨਾਇਆ।

ਇਸ ਮੌਕੇ 'ਤੇ ਭਾਈਚਾਰੇ ਦੇ ਆਗੂ, ਸੱਭਿਆਚਾਰਕ ਕਲਾਕਾਰ, ਪਤਵੰਤੇ ਅਤੇ ਏਸ਼ੀਆਈ ਭਾਰਤੀ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਮੈਂਬਰ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਰਵਾਇਤੀ ਦੀਵੇ ਜਗਾਉਣ ਨਾਲ ਹੋਈ, ਜਿਸ ਤੋਂ ਬਾਅਦ ਭਾਰਤੀ ਸ਼ਾਸ਼ਤਰੀ ਨਾਚ, ਸੰਗੀਤ ਅਤੇ ਲੋਕ ਨਾਚ ਸਮੇਤ ਕਈ ਤਰ੍ਹਾਂ ਦੇ ਰੰਗੀਨ ਸੱਭਿਆਚਾਰਕ ਪ੍ਰਦਰਸ਼ਨ ਕੀਤੇ ਗਏ। ਸਿੱਖਸ ਔਫ਼ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ' ਦੇ ਭਾਈਚਾਰੇ ਨੂੰ ਦਿੱਤੇ ਯੋਗਦਾਨ ਜਿਨ੍ਹਾਂ ਚ' ਭਾਈਚਾਰੇ ਦੇ ਵਿਕਾਸ, ਸਿੱਖ ਪਛਾਣ ਨੂੰ ਮਜ਼ਬੂਤ ਕਰਨ, ਅੰਤਰ-ਧਰਮ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਐੱਨ.ਸੀ.ਏ. ਦੇ ਅਹੁਦੇਦਾਰਾਂ ਨੇ ਕਿਹਾ ਕਿ ਡਾ. ਜੱਸੀ ਨੇ ਭਾਰਤੀ ਪ੍ਰਵਾਸੀਆਂ, ਖਾਸ ਕਰਕੇ ਸਿੱਖ ਭਾਈਚਾਰੇ ਪ੍ਰਦੇਸ਼ ਵਿੱਚੇ ਰਹਿੰਦੇ ਹੋਏ ਵੀ ਬਹੁਤ ਸੇਵਾ ਕੀਤੀ ਹੈ।

ਡਾ. ਜਸਦੀਪ ਸਿੰਘ ਨੂੰ ਵਾਸ਼ਿੰਗਟਨ ਡੀ.ਸੀ. ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਸੇਵਾ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਯੋਗਦਾਨ ਲਈ ਇਹ ਪ੍ਰਸ਼ੰਸਾ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸੱਭਿਆਚਾਰਕ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ। ਜਿੱਥੇ ਪ੍ਰਸਿੱਧ ਸੱਭਿਆਚਾਰਕ ਨਾਚ, ਭੰਗੜਾ ਤੇ ਗੀਤਾ ਰਾਹੀਂ ਪੁੱਜੇ ਲੋਕਾਂ ਦਾ ਮਨੋਰੰਜਨ ਵੀ ਕੀਤਾ ਗਿਆ। ਭਾਈਚਾਰੇ ਵਲੋਂ ਡਾ: ਡਾ. ਜਸਦੀਪ ਸਿੰਘ ਜੱਸੀ' ਚੇਅਰਮੈਨ ਸਿੱਖਸ ਔਫ਼ ਅਮਰੀਕਾ ਨੂੰ ਉਨ੍ਹਾਂ ਵਲੋਂ ਭਾਈਚਾਰੇ ਨੂੰ ਮੁੱਖ ਧਾਰਾ ਵਿੱਚ ਲਿਆਉਣ, ਨੌਜਵਾਨਾਂ ਨੂੰ ਲੀਡਰਸ਼ਿਪ ਲਈ ਪ੍ਰੇਰਿਤ ਕਰਨ ਅਤੇ ਲੋੜਵੰਦਾਂ ਦੀ ਮਾਲੀ ਸਹਾਇਤਾ ਲਈ ਕਈ ਜਿੰਨਾਂ ਨੇ ਕਈ ਪਹਿਲਕਦਮੀਆਂ ਪੰਜਾਬ 'ਚ ਸ਼ੁਰੂ ਕੀਤੀਆਂ ਹਨ। ਉਸ ਦੀ ਅਗਵਾਈ ਹੇਠ, ਸਿੱਖਸ ਔਫ਼ ਅਮਰੀਕਾ ਨੇ ਸਿੱਖਿਆ, ਸਿਹਤ, ਨਸ਼ਾ ਛੁਡਾਊ, ਆਫ਼ਤ ਰਾਹਤ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰਾਂ 'ਚ ਮਹੱਤਵਪੂਰਨ ਕੰਮ ਕੀਤਾ ਅਤੇ ਭਾਈਚਾਰਕ ਏਕਤਾ ਅਤੇ ਸਮਾਜਿਕ ਨਿਆਂ ਲਈ ਅਮਰੀਕਾ ਅਤੇ ਪੰਜਾਬ ਲਈ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਭਾਈਚਾਰੇ ਲਈ ਪ੍ਰਭਾਵਸ਼ਾਲੀ ਕੰਮ ਕੀਤੇ ਹਨ। ਸਮਾਗਮ ਦੇ ਅੰਤ 'ਚ ਡਾ. ਜਸਦੀਪ ਸਿੰਘ ਜੱਸੀ ਨੇ ਇਸ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਇਹ ਸਨਮਾਨ ਸਮੁੱਚੇ ਸਿੱਖ ਭਾਈਚਾਰੇ ਤੇ ਮੇਰੀ ਟੀਮ ਨੂੰ ਸਮਰਪਿਤ ਹੈ। ਇਕੱਠੇ ਮਿਲ ਕੇ ਅਸੀਂ ਸੇਵਾ, ਏਕਤਾ ਅਤੇ ਮਨੁੱਖਤਾ ਲਈ ਕੰਮ ਕਰਦੇ ਰਹਾਂਗੇ।

# ਕੈਨੇਡਾ 'ਚ ਲੋਕ ਘਰਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਦੇਣ ਤੋਂ ਹੋਏ ਬੇਵੱਸ; ਬੈਂਕਾਂ ਵਲੋਂ ਘਰਾਂ ਦੇ ਕਬਜ਼ੇ ਲੈਣ ਦੀ ਦਰ ਵਧੀ



ਵੈਨਕੂਵਰ, 12 ਜੂਨ (ਪ੍ਰਤੀਨਿਧੀ) : ਕੈਨੇਡਾ ਵਿੱਚ ਲੋਕਾਂ ਵਲੋਂ ਘਰਾਂ ਦੀ ਖ਼ਰੀਦ ਲਈ ਲਏ ਕਰਜ਼ਿਆਂ (ਮੌਰਗੇਜ) ਦੀਆਂ ਵਿਆਜ ਦਰਾਂ ਪਹਿਲਾਂ ਨਾਲੋਂ ਕੁਝ ਘਟੀਆਂ ਹਨ, ਪਰ ਆਰਥਿਕ ਮੰਦੀ ਕਾਰਨ ਲੋਕ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਤੋਂ ਬੇਵੱਸ ਹੋਣ ਲੱਗੇ ਹਨ। ਕਰਜ਼ਿਆਂ ਨਾਲ ਸਬੰਧਤ ਇੱਕ ਬੈਂਕ ਅਧਿਕਾਰੀ ਨੇ ਗੈਰ-ਰਸਮੀ ਗੱਲਬਾਤ ਦੌਰਾਨ ਦੱਸਿਆ ਕਿ 10 ਫ਼ੀਸਦੀ ਤੋਂ ਵੱਧ ਲੋਕਾਂ ਦੇ ਘਰਾਂ ਦੇ ਕਰਜ਼ੇ ਦੀ ਵਾਪਸੀ (ਕਿਸ਼ਤਾਂ) ਵਿੱਚ ਅੜਿੱਕੇ ਪੈਣ ਲੱਗੇ ਹਨ। ਉਨ੍ਹਾਂ ਦੱਸਿਆ ਕਿ ਬੈਂਕਾਂ ਵਲੋਂ ਕਰਜ਼ਦਾਰਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹੋਏ ਕੁੱਝ ਰਾਹਤਾਂ ਦਿੱਤੇ ਜਾਣ ਦੇ ਬਾਵਜੂਦ, ਬੈਂਕਾਂ ਵਲੋਂ ਘਰਾਂ ਦੇ ਕਬਜ਼ੇ ਲੈਣ ਦੀ ਦਰ ਵਿੱਚ ਪਿਛਲੇ ਇੱਕ ਸਾਲ ਵਿੱਚ ਤਿਗੁਣਾ ਵਾਧਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੇ ਹੋਰ ਵੱਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਧਿਕਾਰੀ ਮੁਤਾਬਕ, ਕਿਸ਼ਤਾਂ ਲਾਹੁਣ ਤੋਂ ਬੇਵੱਸ ਹੋਣ ਵਾਲੇ ਬਹੁਤੇ ਉਹੀ ਲੋਕ ਹਨ, ਜਿਨ੍ਹਾਂ ਨੇ ਸਾਲ 2020-22 ਦੇ ਤੇਜ਼ੀ ਵਾਲੇ ਦੌਰ ਵਿੱਚ ਘਰ ਖ਼ਰੀਦੇ ਸਨ। ਉਨ੍ਹਾਂ ਇਹ ਵੀ ਮੰਨਿਆ ਕਿ ਪਿਛਲੇ 4-5 ਸਾਲਾਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 25 ਤੋਂ 35 ਫ਼ੀਸਦੀ ਤਕ ਦੀ ਗਿਰਾਵਟ ਆਈ ਹੈ, ਜਿਸ ਵਿੱਚ ਜ਼ਿਆਦਾ ਗਿਣਤੀ ਵੱਡੇ ਘਰਾਂ ਦੀ ਹੈ।

ਪਿਛਲੇ 4-5 ਸਾਲਾਂ ਵਿੱਚ ਘਰ ਖ਼ਰੀਦਣ ਵਾਲੇ ਲੋਕਾਂ ਨਾਲ ਜਦੋਂ ਗੱਲਬਾਤ ਕੀਤੀ ਗਈ, ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਦੱਸਿਆ ਕਿ ਉਹ ਘਰ ਬੈਂਕ ਕੋਲ ਚਲੇ ਜਾਣ ਦੇ ਡਰੋਂ ਘਰੇਲੂ ਖ਼ਰਚਿਆਂ ਵਿੱਚ ਭਾਰੀ ਕੰਜੂਸੀ ਕਰ ਕੇ ਅਤੇ ਆਪਣੇ ਚਾਵਾਂ ਨੂੰ ਤਿਲਾਂਜਲੀ ਦੇ ਕੇ ਕਿਸਤਾਂ ਭਰ ਰਹੇ ਹਨ। ਕੁੱਝ ਲੋਕਾਂ ਨੇ ਆਪਣੇ ਦੁੱਖੜੇ ਫ਼ਰੋਲਦਿਆਂ ਕਿਹਾ ਕਿ ਹੁਣ ਕਮਾਈ ਪਹਿਲਾਂ ਵਾਲੀ ਨਹੀਂ ਰਹੀ, ਪਰ ਖ਼ਰਚੇ ਲਗਾਤਾਰ ਮੂੰਹ ਅੱਡੀ ਖੜ੍ਹੇ ਹਨ, ਜਿਸ ਕਰ ਕੇ ਜਿਊਣਾ ਦੁੱਭਰ ਹੋਇਆ ਪਿਆ ਹੈ।

ਸਮਾਜਿਕ ਕਾਰਨਾਂ ਕਰ ਕੇ ਕੋਈ ਵੀ ਪੰਜਾਬੀ ਕਰਜ਼ਦਾਰ ਆਪਣੀ ਪਛਾਣ ਦੱਸਣ ਲਈ ਰਾਜ਼ੀ ਨਹੀਂ ਹੋਇਆ। ਪਰ ਸਮੁੱਚੇ ਰੂਪ ਵਿੱਚ ਬਹੁਤਿਆਂ ਦਾ ਰੋਣਾ ਇਹੀ ਸੀ ਕਿ ਨੌਕਰੀਆਂ ਦੀ ਘਾਟ ਅਤੇ ਮੰਦੀ ਕਾਰਨ ਆਮਦਨ ਘਟ ਗਈ ਹੈ, ਜਦਕਿ ਘਰਾਂ ਦੀਆਂ ਕਿਸ਼ਤਾਂ ਸਮੇਤ ਲਗਾਤਾਰ ਵਧ ਰਹੇ ਖ਼ਰਚੇ ਲੋਕਾਂ ਦਾ ਲੱਕ ਤੋੜ ਰਹੇ ਹਨ।

ਕਿਰਾਏ ਦੇ ਘਰਾਂ ਦੀ ਮੰਗ ਘੱਟਣ ਨਾਲ ਔਕੜਾਂ ਵਧੀਆਂ

ਕਿਰਾਏ ਦੇ ਘਰਾਂ ਦੀ ਮੰਗ ਵਿੱਚ ਆਈ ਵੱਡੀ ਗਿਰਾਵਟ ਵੀ ਕਰਜ਼ਦਾਰਾਂ ਦੀਆਂ ਔਕੜਾਂ ਨੂੰ ਹੋਰ ਵਧਾ ਰਹੀ ਹੈ। ਸਾਲ 2021 ਵਾਲੀ ਤੇਜ਼ੀ ਦੇ ਦੌਰ ਵਿੱਚ ਮਾਲਕਾਂ ਵੱਲੋਂ ਲਿਹਾਜ਼ ਨਾਲ ਸਾਲ 2022-23 ਤਕ (ਵੱਧ ਕਿਰਾਏ 'ਤੇ) ਦਿੱਤੀਆਂ ਜਾਣ ਵਾਲੀਆਂ ਬੇਸਮੈਂਟਾਂ ਨੂੰ ਹੁਣ ਕਿਰਾਏਦਾਰ ਨੱਕ-ਮੂੰਹ ਚਾੜ੍ਹ ਕੇ 1500 ਡਾਲਰ ਤਕ ਹੀ ਲੈ ਰਹੇ ਹਨ। ਬੇਸ਼ੱਕ 'ਬੈਂਕ ਔਫ਼ ਕੈਨੇਡਾ' ਨੇ ਹਰੇਕ ਤਿਮਾਹੀ ਦੌਰਾਨ ਵਿਆਜ ਦਰ ਵਿੱਚ 25 ਸੈਂਟ (ਆਧਾਰ ਅੰਕ) ਦੀ ਕਟੌਤੀ ਕਰ ਕੇ ਇਸ ਦਰ ਨੂੰ ਸਾਢੇ 5 ਫ਼ੀਸਦੀ ਤੋਂ ਘਟਾ ਕੇ ਢਾਈ ਫ਼ੀਸਦੀ ਤਕ ਲੈ ਆਂਦਾ ਹੈ, ਪਰ ਇਸ ਦਾ ਅਸਰ ਵੀ ਕੁੱਝ ਹੀ ਲੋਕਾਂ 'ਤੇ ਪਿਆ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਕਰਜ਼ਦਾਰਾਂ ਦੀ ਇਹ ਮੁਸ਼ਕਿਲ ਹੋਰ ਕਿੰਨਾ ਸਮਾਂ ਚੱਲਦੀ ਹੈ।

## ਅਮਰੀਕਾ 'ਚ ਇਤਿਹਾਸਕ ਸਥਾਨਾਂ 'ਤੇ ਮਨਾਇਆ ਜਾਵੇਗਾ ਯੋਗ ਦਿਵਸ

ਵਾਸ਼ਿੰਗਟਨ , 12 ਜੂਨ (ਪ੍ਰਤੀਨਿਧੀ) : 12ਵਾਂ ਕੌਮਾਂਤਰੀ ਯੋਗ ਦਿਵਸ ਅਮਰੀਕਾ ਭਰ ਦੇ ਇਤਿਹਾਸਕ ਅਤੇ ਪ੍ਰਸਿੱਧ ਸਥਾਨਾਂ 'ਤੇ ਮਨਾਇਆ ਜਾਵੇਗਾ। ਇਨ੍ਹਾਂ ਥਾਵਾਂ ਵਿੱਚ ਵਾਸ਼ਿੰਗਟਨ 'ਚ ਸਥਿਤ ਲਿੰਕਨ ਮੈਮੋਰੀਅਲ, ਨਿਊ ਯੌਰਕ ਵਿੱਚਲਾ ਟਾਈਮਜ਼ ਸਕੁਏਅਰ ਅਤੇ ਸ਼ਿਕਾਗੋ ਦਾ ਨੇਵੀ ਪੀਅਰ ਸ਼ਾਮਲ ਹਨ। ਯੋਗ ਪ੍ਰੇਮੀ ਆਪਣੀ ਲੱਚਕਤਾ ਅਤੇ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਸਰੀਰ ਨੂੰ ਸਟ੍ਰੈੱਚ ਕਰਨ ਅਤੇ ਡੂੰਘੇ ਸਾਹ ਲੈਣ ਦੇ ਅਭਿਆਸ ਲਈ ਵੀ ਤਿਆਰ ਹਨ। ਇਹ ਪ੍ਰੋਗਰਾਮ ਓਰੇਗਨ ਵਿੱਚ ਸੈਮੀਕੰਡਕਟਰ ਅਤੇ ਇਲੈਕਟ੍ਰੌਨਿਕਸ ਉਦਯੋਗਾਂ ਦੇ ਕੇਂਦਰ ਹਿੱਲਜ਼ਬਰੋ ਅਤੇ ਦੱਖਣੀ ਕੈਲੇਫ਼ੋਰਨੀਆ ਦੇ ਇਰਵਿਨ ਵਿੱਚ ਸਥਿਤ ਸ੍ਰੀਨਾਥਜੀ ਹਵੇਲੀ ਵਿੱਚ ਵੀ ਹੋਣਗੇ।

# ਜਰਮਨ ਸ਼ੈਫ਼ਰਡ ਡਿਊਕ ਬਣਿਆ ਹੀਰੋ, ਅੱਗ ਲੱਗਣ ਤੋਂ ਪਹਿਲਾਂ ਮਾਲਕਾਂ ਨੂੰ ਜਗਾ ਕੇ ਬਚਾਈਆਂ ਜ਼ਿੰਦਗੀਆਂ



ਵਿਨੀਪੈੱਗ , 12 ਜੂਨ (ਪ੍ਰਤੀਨਿਧੀ) : ਕਿਚਨਰ ਸ਼ਹਿਰ ਵਿੱਚ ਇੱਕ ਪਾਲਤੂ ਕੁੱਤੇ ਦੀ ਸੂਝਬੂਝ ਕਾਰਨ 5 ਜੀਆਂ ਦੀ ਜਾਨ ਬਚ ਗਈ। 'ਡਿਊਕ' ਨਾਂ ਦੇ ਜਰਮਨ ਸ਼ੈਫ਼ਰਡ ਨੇ ਘਰ ਵਿੱਚ ਲੱਗੀ ਅੱਗ ਦਾ ਅਹਿਸਾਸ ਹੁੰਦਿਆਂ ਆਪਣੀ ਮਾਲਕਣ ਨੂੰ ਜਗਾ ਦਿੱਤਾ। ਕਿਚਨਰ ਦੇ ਆਹਰਨਜ਼ ਸਟਰੀਟ ਵੈਸਟ 'ਤੇ ਇੱਕ ਪਰਿਵਾਰ ਲਈ ਸਵੇਰ ਦਹਿਸ਼ਤ ਭਰੀ ਬਣ ਗਈ, ਜਦੋਂ ਉਨ੍ਹਾਂ ਦੇ ਘਰ ਨੂੰ ਅੱਗ ਨੇ ਘੇਰ ਲਿਆ। ਪਰ ਇਸ ਤਬਾਹੀ ਦੇ ਵਿੱਚਕਾਰ, ਪਰਿਵਾਰ ਦਾ ਜਰਮਨ ਸ਼ੈਫ਼ਰਡ ਡਿਊਕ ਇੱਕ ਸੱਚਾ ਹੀਰੋ ਬਣ ਕੇ ਸਾਹਮਣੇ ਆਇਆ, ਜਿਸ ਨੇ ਮਾਲਕਣ ਨੂੰ ਸਮੇਂ 'ਤੇ ਜਗਾ ਕੇ 5 ਲੋਕਾਂ ਦੀ ਜਾਨ ਬਚਾਈ। ਘਰ ਦੀ ਮਾਲਕਣ ਨੈਨਸੀ ਐਲਿਸ ਨੇ ਦੱਸਿਆ ਕਿ ਉਹ ਨੀਂਦ ਵਿੱਚ ਸੀ ਜਦੋਂ ਡਿਊਕ ਨੇ ਉਸ ਦੇ ਵਾਲ ਖਿੱਚ ਕੇ ਅਤੇ ਲਗਾਤਾਰ ਭੌਂਕ ਕੇ ਉਸ ਨੂੰ ਜਗਾਇਆ। ਸ਼ੁਰੂ ਵਿੱਚ ਉਸ ਨੂੰ ਲੱਗਿਆ ਕਿ ਕੋਈ ਦਰਵਾਜ਼ਾ ਖੜਕਾ ਰਿਹਾ ਹੈ, ਪਰ ਜਦੋਂ ਉਸ ਨੇ ਖਿੜਕੀ ਵਿੱਚੋਂ ਬਾਹਰ ਦੇਖਿਆ ਤਾਂ ਘਰ ਦਾ ਸਾਹਮਣੇ ਵਾਲਾ ਪੋਰਚ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ।

ਐਲਿਸ ਨੇ ਤੁਰੰਤ ਆਪਣੇ ਪਤੀ ਨੂੰ ਜਗਾਇਆ ਅਤੇ ਪਰਿਵਾਰ ਨੇ 911 'ਤੇ ਸੂਚਨਾ ਦਿੱਤੀ। ਕੁੱਝ ਹੀ ਮਿੰਟਾਂ ਵਿੱਚ ਅੱਗ ਨੇ ਪੂਰੇ ਪੋਰਚ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਉਸ ਵੇਲੇ ਘਰ ਵਿੱਚ 5 ਵਿਅਕਤੀ ਮੌਜੂਦ ਸਨ। ਐਲਿਸ ਦੇ 11 ਸਾਲਾ ਭਾਣਜੇ ਸਿਲਾਸ ਲਾਰਿਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਘਰ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਧੂੰਏਂ ਅਤੇ ਅੱਗ ਕਾਰਨ ਮੁੱਖ ਰਸਤਾ ਬੰਦ ਹੋ ਚੁੱਕਾ ਸੀ। ਇਸ ਤੋਂ ਬਾਅਦ ਪਰਿਵਾਰ ਉੱਪਰਲੀ ਮੰਜ਼ਿਲ 'ਤੇ ਗਿਆ ਅਤੇ ਖਿੜਕੀ ਰਾਹੀਂ ਛੱਤ 'ਤੇ ਪਹੁੰਚ ਕੇ ਆਪਣੀ ਜਾਨ ਬਚਾਈ। ਬਾਅਦ ਵਿੱਚ ਪੁਲੀਸ ਅਤੇ ਬਚਾਅ ਕਰਮਚਾਰੀਆਂ ਨੇ ਉਨ੍ਹਾਂ ਨੂੰ ਸੁਰੱਖਿਅਤ ਹੇਠਾਂ ਉਤਾਰ ਲਿਆ।

ਅੱਗ ਦੀ ਇਸ ਘਟਨਾ ਵਿੱਚ ਘਰ ਵਿੱਚ ਮੌਜੂਦ ਪੰਜੇ ਵਿਅਕਤੀ, 4 ਕੁੱਤੇ ਅਤੇ ਦੋ ਬਿੱਲੀਆਂ ਸੁਰੱਖਿਅਤ ਬਚ ਗਏ, ਪਰ ਪਰਿਵਾਰ ਦੀਆਂ ਕੀਮਤੀ ਯਾਦਗਾਰਾਂ, ਵਿਰਾਸਤੀ ਵਸਤਾਂ ਅਤੇ ਹੋਰ ਸਾਮਾਨ ਸੜ ਕੇ ਸੁਆਹ ਹੋ ਗਿਆ। ਅਧਿਕਾਰੀਆਂ ਮੁਤਾਬਕ ਅੱਗ ਕਾਰਨ ਤਕਰੀਬਣ 4 ਲੱਖ ਡਾਲਰ ਦਾ ਨੁਕਸਾਨ ਹੋਇਆ ਹੈ, ਜਦਕਿ ਘਰ ਦੇ ਬਾਹਰ ਖੜ੍ਹੇ ਤਿੰਨ ਵਾਹਨ ਵੀ ਤਬਾਹ ਹੋ ਗਏ। ਘਟਨਾ ਮਗਰੋਂ ਪਰਿਵਾਰ ਹੋਟਲ ਵਿੱਚ ਰਹਿ ਰਿਹਾ ਹੈ ਅਤੇ ਮਦਦ ਲਈ ਰੈੱਡ ਕਰਾਸ, ਸਥਾਨਕ ਭਾਈਚਾਰਾ ਅਤੇ ਹੋਰ ਸਮਾਜਿਕ ਸੰਸਥਾਵਾਂ ਅੱਗੇ ਆਈਆਂ ਹਨ।

ਐਲਿਸ ਦਾ ਕਹਿਣਾ ਹੈ ਕਿ ਜੇ ਡਿਊਕ ਉਸ ਨੂੰ ਸਮੇਂ ਸਿਰ ਨਾ ਜਗਾਉਂਦਾ ਤਾਂ ਸ਼ਾਇਦ ਪਰਿਵਾਰ ਦਾ ਕੋਈ ਵੀ ਮੈਂਬਰ ਅੱਜ ਜ਼ਿੰਦਾ ਨਾ ਹੁੰਦਾ। ਪਰਿਵਾਰ ਨੇ ਆਪਣੇ ਪਾਲਤੂ ਕੁੱਤੇ ਨੂੰ ਹੀਰੋ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਉਹ ਸਮੇਂ ਸਿਰ ਸੁਚੇਤ ਨਾ ਕਰਦਾ ਤਾਂ ਨਤੀਜੇ ਕਾਫ਼ੀ ਗੰਭੀਰ ਹੋ ਸਕਦੇ ਸਨ। ਅੱਗ ਬੁਝਾਊ ਵਿਭਾਗ ਦਾ ਮੰਨਣਾ ਹੈ ਕਿ ਅੱਗ ਦੀ ਸ਼ੁਰੂਆਤ ਘਰ ਦੇ ਸਾਹਮਣੇ ਬਣੇ ਢੱਕੇ ਹੋਏ ਪੋਰਚ ਤੋਂ ਹੋਈ ਸੀ। ਮਾਮਲੇ ਦੀ ਜਾਂਚ ਜਾਰੀ ਹੈ। ਇਸ ਘਟਨਾ ਨੇ ਇੱਕ ਵਾਰ ਫ਼ਿਰ ਇਹ ਦਰਸਾਇਆ ਹੈ ਕਿ ਪਾਲਤੂ ਜਾਨਵਰ ਨਾ ਸਿਰਫ਼ ਸਾਥੀ ਹੁੰਦੇ ਹਨ, ਸਗੋਂ ਸੰਕਟ ਦੀ ਘੜੀ ਵਿੱਚ ਆਪਣੇ ਮਾਲਕਾਂ ਦੀ ਜਾਨ ਬਚਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾ ਸਕਦੇ ਹਨ।